ਮੁਖਵਾਕ ਨੰਬਰ ੨੩ [ਆਦਿ ਅੰਗ ੫੫੧]

***ਸਲੋਕ ਮਃ ੩ ॥ ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥ ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥ ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥ ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥ ਮਃ ੩ ॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥ ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥ ਪਉੜੀ ॥ ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥ ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥ ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥ ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥ ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥੯॥***

**ਉਥਾਨਕਾ**—ਜਿਸ ਵਕਤ ਸ੍ਰੀ ਗੋਇੰਦਵਾਲ ਸਾਹਿਬ ਸਤਿਗੁਰੂ ਜੀ ਨਿਵਾਸ ਕਰ ਰਹੇ ਸਨ। ਸਿੱਖ ਅਨੰਤ ਪ੍ਰਕਾਰ ਦੀ ਸੇਵਾ ਕਰਕੇ ਜੀਵਣ ਸਫਲਾ ਕਰਦੇ ਸਨ। ਕੋਈ ਲੰਗਰ ਦੀ ਸੇਵਾ, ਕੋਈ ਝਾੜੂ, ਕੋਈ ਜੰਗਲ ਤੋਂ ਲੱਕੜਾਂ, ਕਈ ਬਿਆਸਾ ਤੋਂ ਪਾਣੀ ਭਰ ਕੇ ਲੰਗਰ ਵਿਚ ਪਾਉਂਦੇ। ਸਿੱਖ ਸੰਗਤਾਂ ਦੀ ਹਰ ਸਮੇਂ ਗੁਰੂ ਦਰ ਭੀੜ ਬਣੀ ਰਹਿੰਦੀ। ਚਾਰੇ ਵਰਨਾਂ ਦੇ ਲੋਕ ਆਪਣੀ ਕਲਿਆਣ ਹਿਤ ਉਪਦੇਸ਼ ਲੈਣ ਲਈ ਆਉਂਦੇ।

ਯਥਾ— **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥** [ਸੂਹੀ ਮਃ ੫, ਅੰਗ ੭੪੭]

ਹੇ ਮਹਾਂਵਾਕ ਅਨੁਸਾਰ ਸਤਿਗੁਰੂ ਬਖ਼ਸ਼ਿਸ਼ ਕਰਦੇ। ਸ਼ਾਂਤ ਸਰੂਪ, ਵੈਰ ਰਹਿਤ, ਸਮ ਦ੍ਰਿਸ਼ਟੀ ਵਿਚ ਵਰਤਦੇ।

ਯਥਾ— **ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ *ਸਮਤੁ ਸਭੁ ਕੋਇ ॥**

[ਗਉੜੀ ਕੀ ਵਾਰ ਮਃ ੪, ਅੰਗ ੩੦੦]

ਪਰ ਕੁਝ ਈਰਖਾਲੂ ਉਥੋਂ ਦੇ ਰਹਿਣ ਵਾਲੇ ਸੇਖ ਸਤਿਗੁਰੂ ਜੀ ਨਾਲ ਈਰਖਾ ਕਰਦੇ ਉਹ ਪਰਿਵਾਰਾਂ ਵਿਚ ਬਹਿ ਕੇ ਜਦੋਂ ਈਰਖਾ ਦਵੈਸ਼ ਦੇ ਵਚਨ ਬੋਲਦੇ ਤੇ ਇਹ ਜ਼ਹਿਰੀਲੇ ਬਚਨਾਂ ਦਾ ਅਸਰ ਉਹਨਾਂ ਦੇ ਪਰਿਵਾਰਾਂ ਤੇ ਵੀ ਹੋਣ ਲੱਗਾ। ਇਹ ਕੁਦਰਤੀ ਦਾਤ ਹੈ ਜਿਸ ਘਰ ਦੇ ਸਿਆਣਿਆਂ ਦਾ ਜਿਸ ਪਾਸੇ ਨੂੰ ਰੁਖ ਹੋ ਜਾਵੇ ਤਾਂ ਬੱਚਿਆਂ ਦਾ ਸਿਆਣਿਆ ਦੇ ਨਾਲ ਹੀ ਰੁਖ ਬਦਲ ਜਾਇਆ ਕਰਦਾ ਹੈ। ਇਸ ਲਈ ਸ਼ੇਖਾਂ ਦੇ ਬੱਚਿਆਂ ਦੇ ਮਨ ਵਿਚ ਈਰਖਾ ਦੀ ਅੱਗ ਭਟਕਦੀ ਪਰ ਕੋਈ ਪੇਸ਼ ਨਾ ਜਾਂਦੀ। ਇਹਨਾਂ ਬੱਚਿਆਂ ਨੇ ਸਲਾਹ ਕੀਤੀ ਕਿ ਗੁਰੂ ਨੂੰ ਤੰਗ ਕਰੀਏ। ਇਕ ਢੰਗ ਸੋਚਿਆ ਕਿ ਜਦੋਂ ਸਿੱਖ ਬਿਆਸਾ ਤੇ ਪਾਣੀ ਭਰਨ ਵਾਸਤੇ ਜਾਣ ਗੁਲੇਲੇ ਮਾਰ ਕੇ ਘੜੇ ਭੰਨ ਦਿੱਤੇ ਜਾਣ। ਇਸ ਮਸ਼ਵਰੇ ਦੀ ਪੂਰਤੀ ਲਈ ਇਹਨਾਂ ਬੱਚਿਆਂ ਨੇ ਆਪਣੀ ਸ਼ਰਾਰਤ ਸ਼ੁਰੂ ਕਰ ਦਿੱਤੀ, ਜਦੋਂ ਸਿੱਖ ਪਾਣੀ ਭਰਨ ਵਾਸਤੇ ਗਏ ਇਹਨਾਂ ਨੇ ਗੁਲੇਲੇ ਮਾਰ ਕੇ ਘੜੇ ਭੰਨ ਦਿੱਤੇ। ਸਿੱਖਾਂ ਨੇ ਬੱਚਿਆਂ ਦੀ ਸ਼ਰਾਰਤ ਤੇ ਗੁੱਸਾ ਤਾਂ ਨਹੀਂ ਕੀਤਾ। ਪਰ ਗੁਰੂ ਜੀ ਨੂੰ ਇਹਨਾਂ ਸ਼ੇਖਾਂ ਦੇ ਬੱਚਿਆਂ ਦੀ ਕੋਝੀ ਹਰਕਤ ਤੋਂ ਜਾਣੂ ਕਰਾਉਂਦਿਆਂ ਬੇਨਤੀ ਕੀਤੀ ਕਿ ਮਹਾਰਾਜ ਜੀ ਸ਼ੇਖਾਂ ਦੇ ਬੱਚਿਆਂ ਨੇ ਸਾਡੇ ਘੜੇ ਭੰਨ ਦਿੱਤੇ ਹਨ। ਸਾਨੂੰ ਕੀ ਕਰਨਾ ਚਾਹੀਦਾ ਹੈ ਕਿਉਂਕਿ ਪਾਣੀ ਤੋਂ ਬਿਨਾ ਸਰ ਨਹੀਂ ਸਕਦਾ। ਸਤਿਗੁਰੂ ਜੀ ਨੇ ਪਿਆਰ ਔਰ ਨਿਮਰਤਾ ਦੇ ਸਹਿਤ ਮਿੱਠੇ ਜਿਹੇ ਬਚਨਾਂ ਨਾਲ ਕਿਹਾ ਕਿ ਗੁਰਸਿਖੋ! ਇਹ ਅਗਿਆਨੀਆਂ ਦੇ ਬੱਚੇ ਹਨ ਇਹਨਾਂ ਨੂੰ ਭਲੇ

* ਨੋਟ—ਸਮਤੁ-ਉਚਾਰਨ ਪੋਲਾ

PDF created with pdfFactory Pro trial version www.pdffactory.com

ਬੂਰੇ ਦੀ ਪਹਿਚਾਣ ਨਹੀਂ ਜੇ ਕੁਝ ਆਖੋਗੇ ਤਾਂ ਟਕਰਾਅ ਹੋ ਜਾਇਗਾ। ਬੱਚੇ ਹਨ ਸਮਝ ਜਾਣਗੇ ਤੁਸੀਂ ਆਪਣਾ ਪਾਣੀ ਭਰਨ ਦਾ ਤਰੀਕਾ ਬਦਲ ਦਿਉ ਭਾਵ ਘੜਿਆਂ ਦੀ ਥਾਂ ਤੇ ਮਸ਼ਕਾਂ ਵਿਚ ਪਾਣੀ ਭਰ ਲੈ ਆਇਆ ਕਰੋ, ਜਿਸ ਨਾਲ ਟਕਰਾਅ ਵੀ ਨਹੀਂ ਹੋਵੇਗਾ ਤੇ ਪਾਣੀ ਭਰਨ ਦਾ ਕਾਰਜ ਵੀ ਹੋ ਜਾਵੇਗਾ। ਗੁਰੂ ਜੀ ਦੇ ਕਹਿਣ ਦੇ ਅਨੁਸਾਰ ਸਿੱਖ ਦੂਸਰੇ ਦਿਨ ਮਸ਼ਕਾਂ ਵਿਚ ਪਾਣੀ ਭਰਨ ਗਏ। ਬੱਚਿਆਂ ਨੇ ਦੇਖਿਆ ਕਿ ਹੁਣ ਗੁਲੇਲੇ ਨਾਲ ਕੰਮ ਨਹੀਂ ਚੱਲੇਗਾ। ਦੂਸਰੇ ਦਿਨ ਸ਼ੇਖਾਂ ਦੇ ਬੱਚੇ ਤੀਰ ਕਮਾਨ ਲੈ ਕੇ ਮਸ਼ਕਾਂ ਵਿਚ ਛੇਕ ਕਰਨ ਲੱਗੇ। ਸਿੱਖਾਂ ਨੇ ਫੇਰ ਬੇਨਤੀ ਕੀਤੀ ਕਿ ਗੁਰੂ ਜੀ ਹੁਣ ਤੀਰਾਂ ਨਾਲ ਮਸ਼ਕਾਂ ਭੀ ਪਾੜ ਦਿੱਤੀਆਂ ਹਨ ਕੀ ਕਰੀਏ ? ਤਾਂ ਸਤਿਗੁਰੂ ਜੀ ਧੀਰਜ ਵਿਚ ਬੋਲੇ ਕਿ ਕਿਹਾ ਭਾਈ ਜਲ; ਗਾਗਰਾਂ ਵਿਚ ਲੈ ਆਇਆ ਕਰੋ। ਗਾਗਰਾਂ ਨਾਲ ਜਲ ਲਿਆਉਣਾ ਕੀਤਾ ਬੱਚੇ ਫਿਰ ਵੀ ਨਾ ਹਟੇ। ਇੱਟਾਂ ਮਾਰ ਕੇ ਪਿੱਤਲ ਦੀਆਂ ਗਾਗਰਾਂ ਭੰਨਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਸਿੱਖਾਂ ਨੇ ਆਣ ਕੇ ਬੇਨਤੀ ਕੀਤੀ ਕਿ ਹੁਣ ਗਾਗਰਾਂ ਤੇ ਇੱਟਾਂ ਮਾਰ ਕੇ ਭੰਨਣ ਲੱਗ ਪਏ ਹਨ ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ। ਤੀਸਰੀ ਵਾਰ ਦੀ ਬੇਨਤੀ ਸੁਣ ਕੇ ਚੁਪ ਹੋ ਗਏ, ਸਤਿਗੁਰੂ ਜੀ ਬੋਲੇ ਨਹੀਂ, ਸਿੱਖ ਵੀ ਭਾਣੇ ਵਿੱਚ ਰਹੇ। ਇਕ ਦਿਨ ਗੁਰੂ ਜੀ ਫਿਰਨ ਤੁਰਨ ਲਈ ਜਾ ਰਹੇ ਸਨ ਤਾਂ ਉਹਨਾਂ ਦਾ ਵੱਡਾ ਸ਼ੇਖ ਮਿਲ ਗਿਆ। ਉਸ ਸ਼ੇਖ ਪ੍ਰਤੀ ਸਤਿਗੁਰਾਂ ਨੇ ਇਹ ਸ਼ਬਦ ਉਚਾਰਿਆ :—

## ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥

ਹੇ ਸ਼ੇਖ ! ਤੂੰ ਆਪਣੇ ਅੰਦਰੋਂ ਮਾਇਆ ਤੇ ਜੁਆਨੀ ਦਾ ਜੋਰੁ=ਬਲ ਛੱਡ ਦੇ। ਕੁਝ ਖੁਦਾ ਦਾ ਭਉ=ਡਰ ਧਾਰਣ ਕਰ, ਜਿਹੜਾ ਝਲੁ=ਸ਼ੁਦਾਪੁਣਾ ਵਾ ਕਮਲਪੁਣਾ ਗਵਾਇ=ਗਵਾ ਦੇ; ਘੜੇ ਭੰਨਣੇ, ਗਾਗਰਾਂ ਤੋੜਨੀਆਂ ਮਸ਼ਕਾਂ ਪਾੜਨੀਆਂ ਨਿਰਵੈਰ ਸਿੱਖਾਂ ਨਾਲ ਵੈਰ ਕਰਨਾ ਇਹ ਕੋਈ ਚੰਗੀ ਗੱਲ ਨਹੀਂ। ਅਥਵਾ :—ਹੇ ਸ਼ੇਖਾ=ਸਿਖਿਆ ਲੈਣ ਵਾਲੇ ਜਗਿਆਸੂ ! ਤੂੰ ਅੰਦਰੋਂ ਜੋਰੁ=ਹੰਕਾਰ ਛੱਡ ਕੇ ਗੁਰੂ ਦਾ ਭਉ=ਡਰ ਧਾਰਣ ਕਰ ਅਤੇ ਕ੍ਰੋਧ ਰੂਪ ਝਲੁ=ਸ਼ੁਦਾਪੁਣੇ ਨੂੰ ਗਵਾਇ=ਗਵਾ ਦੇ; ਭਾਵ ਨਾਸ ਕਰ ਦੇ।

## ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥

ਗੁਰਾਂ ਦੇ ਭੈ=ਡਰ ਧਾਰਣ ਕਰਕੇ ਕੇਤੇ=ਕਿਤਨੇ ਹੀ ਨਿਸ=ਪਰਪੰਚ ਤੋਂ ਤਰੇ=ਤਰ ਗਏ ਹਨ ਭੈ ਵਿਚਿ=ਡਰ ਦੇ ਵਿਚ ਰਿਹਾਂ ਹੀ ਨਿਰਭਉ=ਪ੍ਰਮਾਤਮਾ ਪ੍ਰਾਪਤ ਹੁੰਦਾ ਹੈ।

## ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥

ਗੁਰਾਂ ਸੇ ਸ਼ਬਦਿ=ਉਪਦੇਸ਼ ਦੁਆਰਾ ਵਾ ਗੁਰਮੰਤ੍ਰ ਦੁਆਰਾ ਆਪਣੇ ਮਨ ਦੇ ਕਠੋਰੁ=ਕਠਨ ਕੁਰੱਖਤ ਸੁਭਾਅ ਨੂੰ ਭੇਦਿ=ਵਿੰਨ੍ਹ ਦੇ, ਇਸ ਦਾ ਫਲ ਤੇਰੇ ਮਨ ਵਿੱਚ ਸ਼ਾਂਤੀ ਆ ਕੇ ਵਸੇਗੀ।

## ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥

ਜੋ ਸ਼ਾਂਤੀ ਵਿੱਚ ਕਾਰ ਕਮਾਈ ਜਾਂਦੀ ਹੈ ਸਾ=ਉਸ ਕਾਰ ਨੂੰ ਖਸਮੁ-ਪ੍ਰਮਾਤਮਾ ਥਾਂ ਪਾਉਂਦਾ ਹੈ ਭਾਵ ਕਬੂਲ ਕਰਦਾ ਹੈ।

## ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਕਾਮ ਤੇ ਕ੍ਰੋਧ ਆਦਿਕਾਂ ਵਿਚ ਲਗਕੇ ਕਿਸੇ ਨੇ ਭੀ ਵਾਹਿਗੁਰੂ ਨੂੰ ਨਹੀਂ ਪਾਇਆ। ਜੇ ਅਸਾਡੇ ਕਹਿਣ ਵਿੱਚ ਸੰਸਾ ਹੈ ਤਾਂ ਬਿਆਸ, ਵਿਸ਼ਸ਼ਟ, ਗਿਆਨੀਆਂ ਨੂੰ ਪੁੱਛ ਲਉ ਵਾ ਉਨ੍ਹਾਂ ਦੇ ਰਚੇ ਧਰਮ ਸ਼ਾਸ਼ਤਰਾਂ ਦੇ ਗਿਆਤਾ ਗਿਆਨੀ ਮਹਾਂ ਪੁਰਸ਼ਾਂ ਨੂੰ ਪੁੱਛ ਲਵੋ।” ਅਗੇ ਮਨਮੁਖ : ਦੀ ਹਾਲਤ ਦਸਦੇ ਹਨ।

PDF created with pdfFactory Pro trial version www.pdffactory.com

## ਮਃ ੩ ॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥

ਮਨਮੁਖ ਦੇ ਮਨ ਵਿੱਚ ਮਾਇਆ ਦਾ ਮੋਹੁ ਬਹੁਲਤਾ ਭਾਵ ਬਹੁਤ ਕਰਕੇ ਹੈ ਇਸ ਕਰਕੇ ਉਸ ਦਾ ਵਾਹਿਗੁਰੂ ਦੇ ਨਾਮ ਵਿੱਚ ਪ੍ਰੇਮ ਨਹੀਂ ਲਗਦਾ।

## ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥

ਮਨਮੁਖ ਪੁਰਸ਼ ਝੂਠ ਦੀ ਹੀ ਕਮਾਈ ਕਰਦਾ ਹੈ। ਝੂਠੀ ਕਮਾਈ ਤੋਂ ਪ੍ਰਾਪਤ ਹੋਇਆ ਝੂਠਾ ਧਨ ਸੰਗ੍ਰਹੈ=ਇਕੱਠਾ ਕਰਦਾ ਹੈ। ਝੂਠ ਦਾ ਹੀ ਆਹਾਰੁ=ਭੋਜਨ ਆਦਿ ਛਕਣਾ ਕਰਦਾ ਹੈ।

## ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥

ਬਿਖੁ=ਜ਼ਹਿਰ ਵਾਂਗ ਦੁਖ ਰੂਪ ਮਾਇਆ=ਛਲ ਰੂਪ ਧਨੁ ਨੂੰ ਸੰਚਿ=ਇਕੱਠਾ ਕਰਦਾ ਹੀ ਮਰ ਜਾਂਦਾ ਹੈ ਅੰਤ ਨੂੰ ਸਾਰਾ ਧਨ ਛਾਰੁ=ਸੁਆਹ ਰੂਪ ਹੋ ਜਾਂਦਾ ਹੈ।

ਯਥਾ— **੧. ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ.......॥** [ਕਾਨੜਾ ਮਹਲਾ ੪, ਅੰਗ ੧੨੯੭]

**੨. ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ॥** [ਸਲੋਕ ਮਹਲਾ ੩, ਅੰਗ ੧੪੧੫]

## ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥

ਮਨਮੁਖ ਬਾਹਰੋਂ ਲੋਕ ਦਿਖਾਵੇ ਲਈ ਸ੍ਰੇਸ਼ਟ ਕਰਮ ਦਿਖਾਵੇ ਮਾਤਰ ਧਰਮ ਦੇ ਚਿੰਨ ਸੁਚ=ਸਰੀਰ ਦੀ ਪਵਿੱਤਰਤਾ ਆਦਿ ਸੰਜਮ=ਸਾਧਨ ਕਰਦਾ ਨਜ਼ਰ ਆ ਰਿਹਾ ਹੈ, ਪਰ ਹਿਰਦੇ ਦੇ ਅੰਦਰ ਲੋਭ ਰੂਪ ਵਿਕਾਰ ਹੈ। ਜਿਸ ਕਰਕੇ ਕਰਮ ਧਰਮ ਸੁਚ ਸੰਜਮ ਸਭ ਵਿਕਾਰੁ ਰੂਪ ਹੋ ਰਿਹਾ ਹੈ।

ਯਥਾ— **ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ॥** [ਸਵੱਯੇ ਮਹਲਾ ੫, ਅੰਗ ੧੩੮੮]

## ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥

ਸਤਿਗੁਰੂ ਜੀ ਫੁਰਮਾਣ ਕਰਦੇ ਹਨ ਕਿ ਮਨਮੁਖ ਜੋ ਭੀ ਕਰਮ ਕਮਾਉਂਦਾ ਹੈ ਉਹ ਥਾਇ=ਕਬੂਲ ਨਹੀਂ ਪੈਂਦਾ, ਇਹ ਮਨਮੁਖ ਦਰਗਹਿ ਵਿਚ ਖੁਆਰੁ=ਖਰਾਬ ਹੁੰਦਾ ਹੈ।

ਯਥਾ— **੧. ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥** [ਵਾਰ ਸੋਰਠਿ ਸਲੋਕੁ ਮਃ ੩, ਅੰਗ ੬੪੬]

**੨. ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥** [ਪ੍ਰਭਾਤੀ ਮਹਲਾ ੫, ਅੰਗ ੧੩੪੮]

**੩. ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥** [ਪ੍ਰਭਾਤੀ ਮਹਲਾ ੧, ਅੰਗ ੧੩੩੧]

## ਪਉੜੀ ॥ ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥

ਉਹ ਵਾਹਿਗੁਰੂ ਆਪ ਹੀ ਸਰਬ ਰੂਪ ਹੋ ਰਿਹਾ ਹੈ, ਆਪ ਹੀ ਚਾਰ ਖਾਣੀਆ ਅੰਡਜ, ਜ਼ੇਰਜ, ਜ਼ੇਰਜ, ਸੇਤਜ,

PDF created with pdfFactory Pro trial version www.pdffactory.com

ਉਤਭੁਜ, ਆਪ ਹੀ ਚਾਰ ਬਾਣੀਆਂ ਰੂਪ ਬੈਖਰੀ, ਮੱਧਮ, ਪਸੰਤੀ, ਪਰਾ ਰੂਪ ਹੈ। ਤੇ ਆਪ ਹੀ ਨੌ ਖੰਡ ਤੇ ਆਪ ਹੀ ਵਰਭੰਡਾਂ ਦੇ ਕਰਨ ਵਾਲਾ ਹੈ।

ਨੌ ਖੰਡਾਂ ਦੀ ਗਿਣਤੀ :—੧. ਕੁਲ ਖੰਡ, ੨. ਹਿਰਨਮਯ ਖੰਡ, ੩. ਇਲਾਬ੍ਰਤ ਖੰਡ, ੪. ਕੇਤੁਮਾਲ, ੫. ਹਰਿਵਰਖ, ੬. ਅੰਧਕ, ੭. ਕਿੰਪੁਰਖ, ੮. ਭਦਰ, ੯. ਭਾਰਤ ਖੰਡ।

## *ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥*

ਆਪੇ ਆਪ ਸਤ ਸਮੁੰਦਰ ਰੂਪ ਹੋ ਰਿਹਾ ਹੈ ਅਥਵਾ ਆਪ ਸਮੁੰਦਰ ਰੂਪ ਹੋ ਰਿਹਾ ਹੈ। ਆਪ ਹੀ ਸਾ+ਗਰੁ=ਉਹ ਵਿਚ ਜ਼ਹਿਰ ਰੂਪ ਹੋ ਰਿਹਾ ਹੈ। ਉਸ ਵਾਹਿਗੁਰੂ ਨੇ ਆਪ ਹੀ ਚੌਦਾਂ ਰਤਨ ਧਰੇ ਹੋਏ ਹਨ। ਵਾ ਆਪ ਹੀ ਸਮੁੰਦਰ ਹੈ, ਆਪ ਹੀ ਸਾਗਰ ਹੈ। **ਸਾਗੁਰ**=ਸਗਰ ਰਾਜੇ ਦੇ ਪੁੱਤਰਾਂ ਨੇ ਧਰਤੀ ਪੁਟਕੇ ਜਿਹੜਾ ਬਣਾਇਆ ਹੈ ਉਸ ਦਾ ਨਾਮ ਸਾਗਰ ਹੈ। ਜਿਸ ਨੂੰ ਅਜ ਕੱਲ "ਖਾਡੀ ਜਾਂ ਗੁਭ" ਕਹਿੰਦੇ ਹਨ।

## *ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੌ ਗੁਰਮੁਖਿ ਕਰੇ ਹਰੇ ॥*

ਜਿਸ ਉਤੇ ਵਾਹਿਗੁਰੂ ਕਿਰਪਾ ਕਰਦਾ ਹੈ ਉਸ ਨੂੰ ਆਪ ਹੀ ਰਤਨ ਲਹਾਏ=ਲਭਾਉਂਦਾ ਹੈ ਆਪ ਹੀ ਜਿਸ ਨੂੰ ਗੁਰਮੁਖ ਕਰਦਾ ਹੈ ਉਹ ਹੀ ਸ਼ੁਭ ਗੁਣਾਂ ਦੇ ਨਾਲ ਹਰੇ=ਹਰਾ ਹੁੰਦਾ ਹੈ ਅਥਵਾ : ਉਹ ਹੀ ਗੁਰਮੁਖ ਹੁੰਦਾ ਹੈ।

## *ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥*

ਆਪ ਹੀ ਵਾਹਿਗੁਰੂ ਭਉਜਲੁ=ਸੰਸਾਰ ਰੂਪ ਸਮੁੰਦਰ ਹੈ। ਆਪੇ ਨਾਮ ਗਿਆਨ ਰੂਪ ਬੋਹਿਥਾ=ਜਹਾਜ ਹੈ। ਆਪ ਹੀ ਖੇਵਟੁ=ਮਲਾਹ ਹੈ ਆਪ ਹੀ ਤਰਣੇ ਵਾਲਾ ਜਗਿਆਸੂ ਰੂਪ ਹੈ।

ਯਥਾ— **੧. ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥**
**ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥** [ਸਿਰੀਰਾਗੁ ਮਹਲਾ ੧, ਅੰਗ ੧੭]

**੨. ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥**
[ਮਾਰੂ ਮਹਲਾ ੧, ਅੰਗ ੧੦੪੦]

## *ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥੯॥*

ਹੇ ਕਰਤੇ ਪੁਰਖ ਵਾਹਿਗੁਰੂ ਤੂੰ ਆਪ ਹੀ ਜੀਵਾਂ ਨੂੰ ਪੈਦਾ ਕਰਣ ਵਾਲਾ ਹੈਂ ਤੇ ਆਪ ਹੀ ਜੀਵਾਂ ਤੋਂ ਕਰਮ ਕਰਾਉਣ ਵਾਲਾ ਹੈਂ। ਅਵਰੁ=ਹੋਰ ਦੂਜਾ ਤੁਝੈ=ਤੇਰੇ ਸਰੇ=ਸੁਦਰਸ਼ ਵਾ ਬਰਾਬਰ ਦਾ ਕੋਈ ਨਹੀਂ ਹੈ।

ਯਥਾ— **੧. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** [ਗਉੜੀ ਮਃ ੫, ਅੰਗ ੨੭੬]

**੨. ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥** [ਗਉੜੀ ਮਃ ੫, ਅੰਗ ੨੭੬]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੨੪ [ਆਦਿ ਅੰਗ ੫੫੩]

***ਸਲੋਕੁ ਮਃ ੫ ॥ ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥ ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧॥ ਮਃ ੫ ॥ ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥ ਪਉੜੀ ॥ ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥ ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ ॥ ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥ ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥ ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥੧੪॥***

## ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥

ਜੋ ਪੁਰਸ਼ ਸਤਸੰਗਤ ਵਿਚ ਜਾ ਕੇ ਹਰਿ=ਵਾਹਿਗੁਰੂ ਦਾ ਨਾਮ ਨਹੀਂ ਸਿਮਰਦੇ ਉਨ੍ਹਾਂ ਦੇ ਤਨ ਉਪਰ ਲਾਹਨਤਾਂ ਰੂਪੀ ਖੇਹ ਉਡਦੀ ਹੈ, ਅਥਵਾ-ਉਹਨਾਂ ਦੇ ਤਨਿ=ਅੰਤਸ਼ਕਰਣ ਵਿਚ ਪਾਪ ਵਾ ਕਾਮ ਆਦਿਕਾਂ ਰੂਪੀ ਖੇਹ ਉਡਦੀ ਹੈ।

## ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧॥

ਜਿਸ ਵਾਹਿਗੁਰੂ ਨੇ ਪਾਲਣਾ ਪੋਸਣਾ ਕੀਤੀ ਹੈ, ਜੋ ਉਸਨੂੰ ਨਹੀਂ ਜਾਣਦੇ ਉਹਨਾਂ ਦੀ ਨਿਕੰਮੀ ਦੇਹ ਨੂੰ ਫਿਟ ਲਾਹਨਤ ਹੈ।

## ਮਃ ੫ ॥ ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥

ਭਗਤਾਂ ਦੇ ਹਿਰਦੇ ਵਿਚ ਵਾਹਿਗੁਰੂ ਦੇ ਚਰਣਾਰਬਿੰਦ=ਚਰਣ ਕਮਲ ਵਸਦੇ ਹਨ ਜੀਭ ਗੋਪਾਲ ਦੇ ਨਾਮ ਨੂੰ ਜਪਦੀ ਹੈ।

ਯਥਾ— **ਚਰਨ ਕਮਲ ਨਿਮਖ ਰਿਦੈ ਧਾਰੇ ॥ ਗੋਬਿੰਦ ਜਪਤ ਸਭਿ ਕਾਰਜ ਸਾਰੇ ॥**

[ਪ੍ਰਭਾਤੀ ਮਃ ੫, ਅੰਗ ੧੩੪੯]

## ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥

ਸਤਿਗੁਰੂ ਜੀ ਕਹਿ ਰਹੇ ਹਨ ਕਿ ਜਿਸ ਮਨੁੱਖ ਸਰੀਰ ਕਰਕੇ ਸੋ=ਉਹ ਪ੍ਰਭੁ=ਵਾਹਿਗੁਰੂ ਸਿਮਰਿਆ ਜਾਂਦਾ ਹੈ ਤਿਸ ਦੇਹੀ ਨੂੰ ਪਾਲਿ=ਪਾਲਣਾ ਕਰੋ। ਅਥਵਾ-ਜਿਨ੍ਹਾਂ ਸੰਤਾਂ ਦੇ=ਹਿਰਦੇ ਵਿਚ ਵਾਹਿਗੁਰੂ ਦੇ ਚਰਨ ਕੰਵਲ ਵਸਦੇ ਹਨ ਅਤੇ ਰਸਨਾ=ਜੀਭ ਨਾਲ ਗੋ=ਧਰਤੀ ਦੇ ਪਾਲਿ=ਪਾਲਕ=ਵਾਹਿਗੁਰੂ ਦੇ ਨਾਮ ਨੂੰ ਜਪਦੇ ਹਨ ਅਤੇ ਤਨ ਕਰਕੇ ਉਸ ਪ੍ਰਭੁ=ਮਾਲਕ ਦਾ ਸਿਮਰਨ ਕਰਦੇ ਹਨ ਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਹਨਾਂ ਸੰਤਾਂ ਦੀ ਦੇਹ ਨੂੰ ਪਾਲਣਾ ਕਰੋ।

ਇਸ ਸਲੋਕ ਵਿਚ ਸਤਿਗੁਰੂ ਜੀ ਨੇ ਗੁਰਮਤਿ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦਿਆਂ ਦੱਸਿਆ ਹੈ ਕਿ ਜੋ ਪੁਰਾਤਨ ਸਮੇਂ ਤੋਂ ਕੁਝ ਐਸੇ ਮੱਤ ਚਲੇ ਆ ਰਹੇ ਸਨ ਕਿ ਸਰੀਰ ਨੂੰ ਸੁਆਹ ਮਲ ਕੇ ਰਖੋ, ਬਸਤੀ ਤੋਂ ਦੂਰ ਰਹਿਣਾ, ਕਦੀ ਬਸਤੀ ਵਿਚ ਨਹੀਂ ਵੜਣਾ, ਮੰਗ ਕੇ ਖਾਣਾ, ਵਿਹਲੇ ਰਹਿਣਾ, ਆਪਣੇ ਆਪ ਨੂੰ ਯੋਗੀ ਹੋਣ ਦਾ ਹੰਕਾਰ ਕਰਨਾ, ਹਜ਼ੂਰ ਕਹਿੰਦੇ ਹਨ ਕਿ ਹਠ ਯੋਗ ਦੁਆਰਾ ਤੁਸੀਂ ਸਰੀਰ ਨੂੰ ਇਤਨੇ ਕਸ਼ਟ ਦਿੰਦੇ ਹੋ, ਧੂਣੀਆਂ ਤਾਪਣੀਆਂ, ਦੇਹ ਨੂੰ ਦੁੱਖ ਦੇਣਾ ਇਸ ਵਿਚ ਕਰਤਾਰ ਦੀ ਪ੍ਰਾਪਤੀ ਮੰਨੀ ਬੈਠੇ ਹੋ; ਹਜ਼ੂਰ ਆਪਣੇ ਸਿੱਖਾਂ ਨੂੰ ਦਸਦੇ ਹਨ ਕਿ ਉਹਨਾਂ ਯੋਗੀਆਂ ਦੇ ਹਠ ਧਰਮੀ ਕਰਮ ਤੋਂ ਸਾਵਧਾਨ ਭੀ ਕਰਦੇ ਹਨ, ਜੈਸੇ ਵਰਮੀ ਕੇ ਕੁਟਣ ਨਾਲ ਸੱਪ ਨਹੀਂ ਮਰਦਾ,

ਯਥਾ— **ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥** [ਆਸਾ ਮਹਲਾ ੫, ਅੰਗ ੩੮੧]

PDF created with pdfFactory Pro trial version www.pdffactory.com

ਉਸ ਦਾ ਕੁਝ ਵੀ ਨਹੀਂ ਵਿਗੜਦਾ ਇਸੇ ਤਰ੍ਹਾਂ ਮਨ ਰੂਪ ਸੱਪ ਦੇਹ ਰੂਪ ਵਰਮੀ ਵਿਚ, ਕਾਮ ਕ੍ਰੋਧ ਰੂਪ ਜ਼ਹਿਰ ਦੇ ਸਹਿਤ ਹੈ। ਸਰੀਰ ਨੂੰ ਕਸ਼ਟ ਦੇਣ ਨਾਲ ਮਨ ਕਾਬੂ ਨਹੀਂ ਆ ਸਕਦਾ। ਦੇਹੀ ਤੋਂ ਕੰਮ ਲੈਣ ਦੀ ਥਾਂ ਇਸ ਨੂੰ ਗ਼ਲਤ ਤਰੀਕਿਆਂ ਨਾਲ ਰੋਗੀ ਕਰਨਾ ਵਾਹਿਗੁਰੂ ਦੀ ਕਰੋਪੀ ਲੈਣੀ ਹੈ। ਜਿਸ ਦੇਹੀ ਨਾਲ ਸਤ ਕਰਮ ਅਤੇ ਵਾਹਿਗੁਰੂ ਦੀ ਭਗਤੀ ਕਰਨੀ ਹੈ ਉਸ ਦੇਹੀ ਦੀ ਵਿਸ਼ੇਸ਼ ਕਰਕੇ ਸੰਭਾਲ ਕਰਨੀ ਚਾਹੀਦੀ ਹੈ।

**ਦ੍ਰਿਸ਼ਟਾਂਤ**—ਜਿਸ ਤਰ੍ਹਾਂ ਇਕ ਬਾਦਸ਼ਾਹ ਨੇ ਤਿੰਨ ਘੋੜੇ ਅਤੇ ਤਿੰਨ ਘੋੜ-ਸਵਾਰ ਇਕ ਪਰਖ ਕਰਨ ਲਈ ਮੰਗਵਾਏ ਅਤੇ ਉਹਨਾਂ ਨੂੰ ਹੁਕਮ ਕੀਤਾ ਕਿ ਇਤਨੇ ਸਮੇਂ ਵਿਚ ਤੁਸੀਂ ਇਤਨਾ ਪੈਂਡਾ ਤੈਹ ਕਰਨਾ ਹੈ। ਤੁਹਾਡੇ ਵਿਚੋਂ ਜਿਹੜਾ ਸਹੀ ਸਮੇਂ ਠੀਕ ਤਰੀਕੇ ਨਾਲ ਵਾਪਸ ਆਇਆ ਉਸਨੂੰ ਇਨਾਮ ਦਿੱਤਾ ਜਾਵੇਗਾ। ਇਹਨਾਂ ਵਿਚ ਤਿੰਨੇ ਹੀ ਘੋੜ-ਸਵਾਰ ਅਲੱਗ-ਅਲੱਗ ਵੀਚਾਰਾਂ ਦੇ ਸਨ। ਇਕ ਨੇ ਤਾਂ ਘੋੜੇ ਨੂੰ ਐਸੀ ਅੱਡੀ ਲਾਈ ਨਾ ਆਪ ਕਿਤੇ ਰੁਕਿਆ ਅਤੇ ਨਾ ਹੀ ਘੋੜੇ ਨੂੰ ਕਿਤੇ ਰੋਕਿਆ ਅਖ਼ੀਰ ਭੁਖਾ ਪਿਆਸਾ ਘੋੜਾ ਠੋਕਰ ਖਾ ਕੇ ਡਿੱਗ ਪਿਆ ਅਤੇ ਮਰ ਗਿਆ, ਇਸ ਕਰਕੇ ਇਹ ਸਮੇਂ ਸਿਰ ਨਹੀਂ ਪਹੁੰਚ ਸਕਿਆ, ਤੇ ਇਹ ਬਾਦਸ਼ਾਹ ਦੀ ਖ਼ੁਸ਼ੀ ਪ੍ਰਾਪਤ ਨਹੀਂ ਕਰ ਸਕਿਆ। ਦੂਜਾ ਅਜੇ ਉਥੇ ਹੀ ਖੜਾ ਹੈ ਘੋੜੇ ਤੇ ਕਾਠੀ ਨਹੀਂ ਪਾਈ, ਉਸ ਨੇ ਘੋੜੇ ਦੀ ਮਾਲਸ਼ ਬਹੁਤ ਕੀਤੀ, ਨਿਹਾਰੀਆਂ ਦਿੰਦਾ ਰਿਹਾ ਅਤੇ ਰਾਤ ਦਿਨ ਘੋੜੇ ਦੇ ਦੁਆਲੇ ਹੋਇਆ ਰਿਹਾ ਤੇ ਮੰਜਲ ਵੱਲ ਤੁਰਿਆ ਹੀ ਨਹੀਂ। ਤੀਜਾ ਅਕਲ ਵਾਲਾ ਸੀ। ਉਸਨੇ ਸਾਰੇ ਰਸਤੇ ਦਾ ਹਿਸਾਬ ਲਾ ਲਿਆ ਤੇ ਵੰਡ ਕਰ ਲਈ ਇਕ ਦਿਨ ਵਿਚ ਮੈਂ ਕਿਤਨਾਂ ਪੈਂਡਾ ਤੈਅ ਕਰ ਸਕਦਾ ਹਾਂ ਤੇ ਉਹ ਇਸੇ ਤਰ੍ਹਾਂ ਉਤਨੇ ਹੀ ਮੀਲ ਤੇ ਜਾ ਕੇ ਅਰਾਮ ਕਰਦਾ, ਸਮੇਂ ਸਿਰ ਖਾਂਦਾ ਪੀਂਦਾ ਰਿਹਾ ਤੇ ਘੋੜੇ ਨੂੰ ਭੀ ਦਾਣਾ ਪਾਣੀ ਸਮੇਂ ਸਿਰ ਦਿੰਦਾ ਰਿਹਾ ਤੇ ਇਸ ਤਰ੍ਹਾਂ ਨਾ ਤਾਂ ਘੋੜਾ ਤੰਗ ਹੋਇਆ ਅਤੇ ਸਫ਼ਰ ਵੀ ਸਹੀ ਮੁਕਦਾ ਰਿਹਾ। ਬਾਦਸ਼ਾਹ ਦੀ ਹਜ਼ੂਰੀ ਵਿਚ ਤਿੰਨੇ ਇਕੱਲੇ-ਇਕੱਲੇ ਪਹੁੰਚ ਗਏ ਤਾਂ ਬਾਦਸ਼ਾਹ ਨੇ ਪਹਿਲੇ ਨੂੰ ਪੁੱਛਿਆ ਕਿ ਘੋੜਾ ਕਿਥੇ ਹੈ ਤਾਂ ਕਹਿਣ ਲੱਗਾ ਜੀ ਘੋੜਾ ਤਾਂ ਮਰ ਗਿਆ ਹੈ ਇਸ ਤੇ ਬਾਦਸ਼ਾਹ ਦੀ ਕਰੋਪੀ ਹੋਈ ਕਿ ਤੂੰ ਮੇਰਾ ਘੋੜਾ ਮਾਰ ਦਿੱਤਾ ਹੈ ਇਸ ਲਈ ਤੂੰ ਇਸ ਦੇ ਲਾਇਕ ਨਹੀਂ। ਤੈਨੂੰ ਅਗੇ ਤੋਂ ਘੋੜਾ ਨਹੀਂ ਮਿਲੇਗਾ। ਦੂਜੇ ਨੂੰ ਪੁੱਛਿਆ ਕਿ ਤੂੰ ਦੱਸ, ਤਾਂ ਉਹ ਕਹਿਣ ਲੱਗਾ ਕਿ ਮੈਂ ਤਾਂ ਘੋੜੇ ਨੂੰ ਨਿਹਾਰੀਆਂ ਹੀ ਦੇਂਦਾ ਰਹਿ ਗਿਆ ਇਤਨੇ ਨੂੰ ਸਮਾਂ ਲੰਘ ਗਿਆ, ਤਾਂ ਬਾਦਸ਼ਾਹ ਨੇ ਕਿਹਾ ਕਿ ਤੂੰ ਭੀ ਘੋੜੇ ਦੇ ਲਾਇਕ ਨਹੀਂ ਕਿਉਂਕਿ ਤੂੰ ਸਫ਼ਰ ਦਾ ਇਕ ਮੀਲ ਭੀ ਤੈਅ ਨਹੀਂ ਕੀਤਾ ਤਾਂ ਫਿਰ ਘੋੜੇ ਨੂੰ ਨਿਹਾਰੀਆਂ ਦੇਣ ਦਾ ਕੀ ਫਾਇਦਾ ? ਤੀਸਰਾ ਘੋੜ ਸਵਾਰ ਹਾਜ਼ਰ ਹੋਇਆ ਤਾਂ ਘੋੜਾ ਭੀ ਠੀਕ ਸਵਾਰ ਭੀ ਠੀਕ ਸਫ਼ਰ ਭੀ ਸਹੀ ਸਮੇਂ ਸਿਰ ਨਿਬੜਿਆ, ਬਾਦਸ਼ਾਹ ਨੇ ਕਿਹਾ ਤੂੰ ਘੋੜੇ ਦੇ ਲਾਇਕ ਹੈਂ ਅਤੇ ਬਾਕੀ ਦੋਨਾਂ ਨੂੰ ਸਜ਼ਾ ਹੋਈ।

ਇਸੇ ਤਰ੍ਹਾਂ ਪ੍ਰਮਾਤਮਾ ਇਕ ਬਾਦਸ਼ਾਹ ਦੀ ਨਿਆਈਂ ਹੈ। ਤਿੰਨ ਤਰ੍ਹਾਂ ਦੇ ਜੀਵ ਹਨ ਤੇ ਦੇਹ ਰੂਪੀ ਘੋੜੀ ਮਿਲੀ ਹੈ। ਇਕ ਤਾਂ ਉਹ ਹਨ ਜੋ ਦੇਹੀ ਨੂੰ ਦੁੱਖ ਦੇ ਕੇ ਗਾਲ ਲੈਂਦੇ ਹਨ, ਤੇ ਦੂਜੇ ਉਹ ਹਨ ਜੋ ਦੇਹੀ ਦੇ ਹੀ ਪਾਲਣ ਪੋਸ਼ਣ ਵਿਚ ਲੱਗੇ ਰਹਿੰਦੇ ਹਨ, ਪ੍ਰਮਾਤਮਾ ਦੀ ਪ੍ਰਾਪਤੀ ਰੂਪ ਮੰਜ਼ਲ ਵੱਲ ਇਕ ਕਦਮ ਭੀ ਨਹੀਂ ਚਲਦੇ, ਅਥਵਾ—ਨਾਮ ਸਿਮਰਨ ਵੱਲ ਇਕ ਕਦਮ ਭੀ ਨਹੀਂ ਵਧੇ ਕੇਵਲ ਦੇਹ ਦੀਆਂ ਮਾਲਸ਼ਾਂ ਕਰਨ ਵਿਚ ਹੀ ਲੱਗੇ ਰਹੇ। ਵਾਹਿਗੁਰੂ ਦੀ ਦਰਗਾਹ ਵਿਚ ਉਹਨਾਂ ਨੂੰ ਭੀ ਸਜ਼ਾ ਹੁੰਦੀ ਹੈ। ਤੀਸਰੇ ਉਹ ਹਨ ਜੋ ਜ਼ਿੰਦਗੀ ਦਾ ਪ੍ਰਮਾਤਮਾ ਦੀ ਪ੍ਰਾਪਤੀ ਰੂਪ ਨਿਸ਼ਾਨਾ ਮਿੱਥ ਲੈਂਦੇ ਹਨ। ਸਮੇਂ ਦੀ ਵੰਡ ਕਰਕੇ ਸਮੇਂ ਸਿਰ ਉੱਠਣ, ਸਮੇਂ ਸਿਰ ਸੌਣਾ, ਨਿਤਨੇਮ ਕਰਨਾ ਤੇ ਜਪ ਤਪ ਕਰਦਿਆਂ ਦੇਹੀ ਦੀ ਪਾਲਣਾ ਭੀ ਨਾਲ ਹੀ ਕਰਨੀ ਉਹ ਮੰਜ਼ਲ ਪ੍ਰਾਪਤ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਇਸ ਬਾਰੇ ਗੁਰੂ ਜੀ ਕਹਿੰਦੇ ਹਨ ਕਿ ਜਿਸ ਦੇਹੀ ਨਾਲ ਨਾਮ ਦੀ ਕਮਾਈ ਕਰਨੀ ਹੈ ਉਸ ਦੇਹੀ ਨੂੰ ਪਾਲਿ=ਪਾਲਣਾ ਭਾਵ ਸੰਭਾਲਣਾ ਕਰ ਤਾਂ ਪ੍ਰਮਾਤਮਾ ਰੂਪੀ ਬਾਦਸ਼ਾਹ ਦੀ ਪ੍ਰਸੰਨਤਾ ਹੋਵੇਗੀ।

## ਪਉੜੀ ॥ ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥

ਕਰਤਾ=ਪੁਰਖ ਵਾ ਵਾਹਿਗੁਰੂ ਆਪ ਹੀ ਅਠਸਠਿ=ਅਠਾਹਠ ਤੀਰਥ ਰੂਪ ਹੈ ਅਤੇ ਆਪ ਹੀ ਯਾਤਰੂ ਹੋ ਕੇ ਤੀਰਥਾਂ ਉੱਪਰ ਇਸ਼ਨਾਨ ਕਰਦਾ ਹੈ।

PDF created with pdfFactory Pro trial version www.pdffactory.com

ਤੀਰਥ—ਇਸ ਸੰਸਕ੍ਰਿਤ ਦਾ ਪਦ ਹੈ ਜੋ "ਤ੍ਰੀ" ਧਾਤੂ ਤੋਂ ਬਣਿਆ ਹੈ। ੧. ਜੋ ਪਾਪਾਂ ਤੋਂ ਤਾਰੇ। ੨. ਪਵਿਤ੍ਰ ਮੰਨੇ ਗਏ ਅਸਥਾਨ ਜਿਹਾ ਕੁ ਹਿੰਦੂਆਂ ਨੇ ਗੰਗਾ, ਜਗੰਨਾਥ, ਕਾਂਸ਼ੀ ਆਦਿ ਮੰਨੇ ਹਨ, ਪਰ ਗੁਰਮਤਿ ਵਿਚ ਨਾਮ ਨੂੰ ਸਭ ਤੋਂ ਵੱਡਾ ਤੀਰਥ ਮੰਨਿਆ ਹੈ।

ਯਥਾ— **੧. ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥** [ਧਨਾਸਰੀ ਮਹਲਾ ੧, ਅੰਗ ੬੮੭]

**੨. ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥**
[ਗੂਜਰੀ ਮਹਲਾ ੩, ਅੰਗ ੪੯੧]

## *ਆਪੇ ਸੰਜਮਿ ਵਰਤੈ ਸੁਾਮੀ ਆਪਿ ਜਪਾਇਹਿ ਨਾਮੁ ॥*

ਸੁਾਮੀ=ਮਾਲਕ ਵਾ ਪ੍ਰਮਾਤਮਾ ਆਪ ਹੀ ਸੰਜਮੀ ਹੋ ਕੇ ਸੰਜਮਾਂ ਵਿਚ ਵਰਤਦਾ ਹੈ ਅਤੇ ਆਪ ਹੀ ਨਾਮ ਜਪਾਉਂਦਾ ਹੈ।

ਯਥਾ— **ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥**
[ਗਉੜੀ ਮਃ ੫, ਅੰਗ ੨੭੦]

## *ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥*

ਵਾਹਿਗੁਰੂ ਆਪ ਹੀ ਦਿਆਲੂ ਹੋ ਕੇ ਭਉ=ਜੰਮਣ ਮਰਨ ਦੇ ਵਾ ਜਮਾਂ ਦੇ ਡਰ ਨੂੰ ਖੰਡਨੁ=ਨਾਸ ਕਰਦਾ ਹੈ ਅਤੇ ਆਪ ਹੀ ਗੁਰੂ ਰੂਪ ਹੋ ਕੇ ਸਭ ਜੀਵਾਂ ਨੂੰ ਨਾਮ ਦਾ ਦਾਨ ਕਰਦਾ ਹੈ।

## *ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥*

ਆਪ ਹੀ ਜਿਸ ਨੂੰ ਗੁਰਮੁਖਿ=ਮੁਖੀ ਗੁਰੂ ਸਾਹਿਬ ਦੁਆਰਾ ਬੁਝਾਏ=ਸਮਝਾਉਂਦਾ ਭਾਵ ਆਤਮ ਗਿਆਨ ਦੀ ਸੋਝੀ ਦਿੰਦਾ ਹੈ ਉਹ ਸਦਾ ਹੀ ਦਰਗਾਹ ਵਿਚ ਮਾਨੁ=ਇੱਜ਼ਤ ਪਾਏ=ਪਾਉਂਦਾ ਹੈ।

## *ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥੧੪॥*

ਹਰਿ=ਵਾਹਿਗੁਰੂ ਸੁਆਮੀ=ਮਾਲਕ ਜਿਸ ਦੀ ਪੈਜ=ਇੱਜ਼ਤ ਰੱਖਣੀ ਚਾਹੁੰਦਾ ਹੈ ਉਹ ਪੁਰਸ਼ ਸਚਾ=ਸੱਚ ਸਰੂਪ ਹਰਿ=ਵਾਹਿਗੁਰੂ ਨੂੰ ਜਾਨੁ=ਜਾਣ ਲੈਂਦਾ ਹੈ।

ਯਥਾ— **੧. ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
[ਆਸਾ ਮਃ ੪, ਅੰਗ ੪੫੧]

**੨. ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥**
[ਸੋਰਠਿ ਮਃ ੫, ਅੰਗ ੬੧੧]

**੩. ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥**
[ਸੋਰਠਿ ਮਃ ੩, ਅੰਗ ੬੩੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੨੫ [ਆਦਿ ਅੰਗ ੫੫੫]

***ਸਲੋਕ ਮਃ ੩ ॥ ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥ ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥ ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥ ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥ ਮਃ ੩ ॥ ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥ ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥ ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥ ਪਉੜੀ ॥ ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥ ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥ ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ ॥ ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ ॥ ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ ॥੧੯॥***

## ਸਲੋਕ ਮਃ ੩ ॥
## ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥

ਇਸ ਅੰਮ੍ਰਿਤ ਬਚਨ ਵਿਚ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਰਾ ਸੰਸਾਰ ਹਉਮੈ=ਹੰਗਤਾ ਮਮਤਾ ਵਿਚ ਮਰ ਰਿਹਾ ਹੈ, ਮਰਦਾ ਹੀ ਮਰਦਾ ਜਾ ਰਿਹਾ ਹੈ।

ਯਥਾ— **੧. ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥** [ਸਿਰੀਰਾਗੁ ਮਃ ੩, ਅੰਗ ੩੩]

**੨. ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥** [ਸਿਰੀਰਾਗੁ ਮਃ ੩, ਅੰਗ ੩੪]

**ਹਉਮੈ** : ਹਉਮੈ ਦਾ ਸਰੂਪ ਦੋ ਭਾਵਨਾਂ ਦਾ ਸਮਿਲਤ ਹੈ ਜਿਸ ਵਿਚ ਮੈਂ ਅਤੇ ਮੇਰੀ ਦੋ ਵਿਚਾਰ ਮਿਲ ਕੇ ਹਉਮੈ ਦਾ ਸਰੂਪ ਬਣਦਾ ਹੈ। ਸਾਰਾ ਸੰਸਾਰ ਇਸ ਮੈਂ-ਮੇਰੀ ਦੇ ਚੱਕਰ ਵਿਚ ਫਸਿਆ ਹੋਇਆ ਹੈ ਹਉਮੈ ਦਾ ਤਿਆਗ ਵਾਹਿਗੁਰੂ ਨੂੰ ਸਮਰਪਿਤ ਹੋਏ ਬਿਨਾਂ ਨਹੀਂ ਹੋ ਸਕਦਾ। ਹਉਮੈ ਦੇ ਤਿਆਗ ਵਿਚ ਵੀ ਦੋ ਭਾਵਨਾਂ ਹਨ ਤੂੰ ਅਤੇ ਤੇਰੀ ਜਦੋਂ ਇਹ ਪੱਕ ਜਾਵੇ ਕਿ ਮੈਂ ਦੀ ਥਾਂ ਤੂੰ ਦੀ ਭਾਵਨਾ ਵਸ ਜਾਵੇ।

ਯਥਾ— **੧. ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥** [ਬਿਲਾਵਲ ਮਃ ੫, ਅੰਗ ੮੨੭]

**੨. ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥** [ਸਲੋਕ ਕਬੀਰ, ਅੰਗ ੧੩੭੫]

ਅਤੇ ਮੇਰੀ ਦੀ ਥਾਂ ਤੇਰੀ ਦਾ ਪਾਠ ਪੱਕ ਜਾਵੇ ਤਾਂ ਹਉਮੈ ਦੀ ਨਵਿਰਤੀ ਹੁੰਦੀ ਹੈ ਹਉਮੈ ਨਵਿਰਤੀ ਨਾਲ ਹੀ ਸੁਖ, ਸ਼ਾਂਤੀ, ਜੰਮਣ ਮਰਣ ਤੋਂ ਰਹਿਤ ਪਦਵੀ ਪ੍ਰਾਪਤ ਹੁੰਦੀ ਹੈ। ਇਸ ਦੀ ਨਵਿਰਤੀ ਵਿਚ ਵਾਹਿਗੁਰੂ ਨਾਲ ਇਕ ਹੋਈਦਾ ਹੈ। ਜਿਤਨੀ ਦੇਰ ਤੱਕ ਹਉਮੈ ਹਿਰਦੇ ਵਿਚ ਹੈ ਉਤਨੀ ਦੇਰ ਜੰਮਣਾ, ਮਰਨਾ, ਆਉਣਾ, ਜਾਣਾ, ਦੁਖ ਕਲੇਸ਼ ਅਸ਼ਾਂਤੀ ੮੪ ਵਿਚ ਭਟਕਣਾ ਮਿਟਦਾ ਨਹੀਂ। ਸੰਸਾਰ ਦੀ ਇਸ ਭੜਕਾਹਟ ਨੂੰ ਦੇਖਦਿਆਂ ਜੀਵਾਂ ਦੀ ਦਸ਼ਾ ਸਤਿਗੁਰੂ ਜੀ ਉਪਰੋਕਤ ਪੰਗਤੀ ਪ੍ਰਗਟ ਕਰਦੇ ਹਨ। ਜਿਹੜਾ ਜੀਵ ਹਉਮੈ ਦੀਆਂ ਲੋਰੀਆਂ ਵਿਚ ਜੀਵਨ ਬਤੀਤ ਕਰਕੇ ਹਉਮੈ ਦੀ ਗੋਦ ਵਿਚ ਹੀ ਮਰ ਜਾਇ ਉਸਦਾ ਜੀਵਨ ਹਉਮੈ ਤੋਂ ਹੀ ਫਿਰ ਸ਼ੁਰੂ ਹੋ ਜਾਂਦਾ ਹੈ ਇਸ ਤਰ੍ਹਾਂ ਆਉਣਾ ਜਾਣਾ ਬਣਿਆ ਰਹਿੰਦਾ ਹੈ।

PDF created with pdfFactory Pro trial version www.pdffactory.com

## ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥

ਜਿਨ੍ਹਾ ਚਿਰ ਸਰੀਰ ਵਿਚ ਦੰਮੁ=ਸੁਆਸ ਹੁੰਦੇ ਹਨ ਉਤਨਾ ਚਿਰ ਜੀਵ ਵਾਹਿਗੁਰੂ ਨੂੰ ਨ ਚੇਤਈ=ਯਾਦ ਨਹੀਂ ਕਰਦਾ ਇਸ ਲਈ ਅਗੇ ਪ੍ਰਲੋਕ ਵਿਚ ਜਾ ਕੇ ਕੀ ਕਰੇਗਾ ? ਇਸ ਲਈ ਜੀਵ ਕੋਲ ਜਿੰਨਾਂ ਚਿਰ ਸੁਆਸਾਂ ਦੀ ਪੂੰਜੀ ਹੈ ਉਤਨਾ ਚਿਰ ਜੀਵ ਨੂੰ ਇਹ ਕਰਮ ਕਰਨਾ ਚਾਹੀਦਾ ਹੈ।

ਯਥਾ— **ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ ॥**

[ਰਾਮ: ਮਃ ੩, ਅੰਗ, ੯੧੧]

## ਗਿਆਨੀ ਹੋਇ ਸੋ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥

ਜੋ ਪੁਰਸ਼ ਗਿਆਨਵਾਨ ਹੁੰਦੇ ਹਨ ਉਹ ਤਾਂ ਚੇਤਨ ਪ੍ਰਭੂ ਦਾ ਸਰੂਪ ਹੀ ਹੋ ਜਾਂਦੇ ਹਨ ਪਰ ਅਗਿਆਨੀ ਪੁਰਸ਼ ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦੇ ਹਨ।

## ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥

ਜੋ ਕਰਮ ਏਥੈ=ਸੰਸਾਰ ਵਿਚ ਕਮਾਉਂਦਾ ਹੈ ਉਸਦਾ ਫਲ ਅਗੇ ਜਾ ਕੇ ਪ੍ਰਲੋਕ ਵਿਚ ਪਾਇਗਾ ਅਤੇ ਜੋ ਕਰਮ ਪਿਛਲੇ ਜਨਮ ਵਿਚ ਕਮਾਏ ਸਨ ਉਹਨਾਂ ਦਾ ਫਲ ਹੁਣ ਮਿਲਦਾ ਹੈ।

ਯਥਾ— **੧. ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥** [ਸੂਹੀ ਮਃ ੧, ਅੰਗ ੭੩੦]

**੨. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** [ਬਾਰਹਮਾਹਾ ਮਾਂਝ ਮਃ ੫, ਅੰਗ ੧੩੪]

## ਮਃ ੩ ॥ ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥

ਧੁਰਾਂ ਤੋਂ ਖਸਮੈ=ਵਾਹਿਗੁਰੂ ਦਾ ਹੁਕਮ ਹੋਇਆ ਹੈ ਕਿ ਸਤਿਗੁਰੂ ਤੋਂ ਬਿਨਾਂ ਪ੍ਰਭੂ ਦਾ ਨਾਮ ਚੇਤਿਆ ਨ ਜਾਇ=ਜਪਿਆ ਨਹੀਂ ਜਾਦਾ।

ਯਥਾ— **ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**

[ਸੋਰਠਿ ਮਃ ੧, ਅੰਗ ੬੩੫]

## ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥

ਜੋ ਪੁਰਸ਼ ਸਤਿਗੁਰਾਂ ਨੂੰ ਮਿਲਿਆ ਹੈ ਉਸ ਨੇ ਸਤਿਗੁਰਾਂ ਤੋਂ ਗਿਆਨ ਪ੍ਰਾਪਤ ਕਰਕੇ ਜਾਣ ਲਿਆ ਕਿ ਉਹ ਪ੍ਰਭੂ ਮੇਰੇ ਅੰਦਰ ਹੀ ਰਵਿ=ਮਿਲ ਰਿਹਾ ਹੈ ਇਸ ਲਈ ਉਹ ਸਦਾ ਹੀ ਵਾਹਿਗੁਰੂ ਵਿਚ ਲਿਵ ਲਾਉਂਦਾ ਹੈ।

## ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥

ਨੋਟ : ਇਸ ਤੁਕ ਤੇ ਲਗਣ ਵਾਲੀ ਸਾਖੀ ਅਖੀਰ ਵਿਚ ਪੜ੍ਹੋ

ਸਦਾ ਹੀ ਦਮਿ ਦਮਿ=ਸੁਆਸ-ਸੁਆਸ ਵਿਚ ਪ੍ਰਭੂ ਦਾ ਸਿਮਰਨ ਕਰਦਾ ਹੈ, ਇਸ ਲਈ ਉਸ ਦਾ ਕੋਈ ਭੀ ਸੁਆਸ ਬਿਅਰਥ ਨਹੀਂ ਜਾਂਦਾ।

ਯਥਾ— **੧. ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥** [ਬਿਲਾਵਲੁ ਮਹਲਾ ੫, ਅੰਗ ੮੧੨]

PDF created with pdfFactory Pro trial version www.pdffactory.com

**੨. ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥**
**ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥** [ਨਟ ਮਹਲਾ ੪, ਅੰਗ ੯੮੦]

## *ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥*

ਉਸ ਦੇ ਮਨ ਵਿਚੋਂ ਜਨਮ ਮਰਨ ਦਾ ਭਉ=ਡਰ ਗਇਆ=ਨਾਸ ਹੋ ਗਿਆ ਹੈ ਅਤੇ ਉਸ ਨੇ ਜੀਵਨ ਪਦਵੀ ਪ੍ਰਾਪਤ ਕਰ ਲਈ ਹੈ।

ਯਥਾ— **੧. ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤ ਦਰਸਾਰੀ ॥** [ਗਉੜੀ ਮਹਲਾ ੫, ਅੰਗ ੨੦੭]

**੨. ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥** [ਸਿਰੀਰਾਗੁ ਮਹਲਾ ੫, ਅੰਗ ੪੫]

## *ਨਾਨਕ ਇਹ ਮਰਤਬਾ ਤਿਸ ਨੋ ਦੇਇ*
## *ਜਿਸ ਨੋ ਕਿਰਪਾ ਕਰੇ ਰਜਾਇ ॥੨॥*

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਮਰਤਬਾ=ਮੁਰਾਤਬਾ-ਰੁਤਬਾ-ਅਹੁਦਾ ਉਸਨੂੰ ਦੇਂਦਾ ਹੈ ਜਿਸ ਉਤੇ ਰਜਾਇ=ਰਜ਼ਾ ਦੇ ਕਰਨ ਵਾਲਾ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ।

**ਮਰਤਬਾ**=ਅਰਬੀ ਵਿਚ ਇਸ ਸ਼ਬਦ ਨੂੰ ਮਰਤਬਹ ਕਹਿੰਦੇ ਹਨ। ਸੰਗਯਾ-ਰੁਤਬਾ, ਉੱਚਾ ਨੀਵਾਂ ਹੋਣ ਦਾ ਭਾਵ, ਰੁਤਬਾ=ਦਰਜਾ ਅਧਿਕਾਰ, ਪਦਵੀ।

**ਰਜਾਈ**=ਅਰਬੀ ਵਿਚ ਰਜ਼ਾ=ਇੱਛਾ, ਮਰਜ਼ੀ, ਖੁਸ਼ੀ।

## *ਪਉੜੀ ॥ ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥*

ਉਹ ਪ੍ਰਭੂ ਆਪ ਹੀ ਦਾਨਾਂ=ਜਾਨਣ ਵਾਲਾ ਵਾ ਦਾਨ ਦੇਣ ਵਾਲਾ ਆਪੇ ਹੀ ਬੀਨਾ=ਦ੍ਰਿਸਟਾ ਭਾਵ ਦੇਖਣ ਵਾਲਾ ਆਪ ਹੀ ਸਾਰਿਆਂ ਤੋਂ ਪਰਧਾਨਾਂ=ਮੁਖੀ ਹੈ।

ਯਥਾ— **੧. ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥**
[ਸਿਰੀਰਾਗੁ ਮਹਲਾ ੧, ਅੰਗ ੨੫]

**੨. ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥** [ਨਾਮਦੇਵ ਜੀ, ਅੰਗ ੭੨੭]

**੩. ਆਪੇ ਦਾਨਾ ਆਪੇ ਬੀਨਾ ॥ ਆਪੇ ਆਪੁ ਉਪਾਏ ਪਤੀਨਾ ॥**
[ਮਾਰੂ ਸੋਲਹੇ ਮਹਲਾ ੧, ਅੰਗ ੧੦੨੦]

## *ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥*

ਆਪੇ ਹੀ ਸ੍ਵੈ ਸਰੂਪ ਭਾਵ ਆਤਮਿਕ ਸਰੂਪ ਨੂੰ ਦਿਖਾਉਂਦਾ ਹੈ ਅਤੇ ਆਪ ਹੀ ਧਿਆਨਾ=ਸਮਾਧੀ ਲਾਉਂਦਾ ਹੈ।

ਯਥਾ— **ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥** [ਆਸਾ ਮਹਲਾ ੧, ਅੰਗ ੩੫੦]

## *ਆਪੇ ਮੋਨੀ ਵਰਤਦਾ ਆਪੇ ਕਥੈ ਧਿਆਨਾਂ ॥*

ਆਪ ਹੀ ਮੋਨੀ=ਚੁਪ ਹੋ ਕੇ ਵਰਤਦਾ ਹੈ ਆਪ ਹੀ ਬਕਤਾ ਬਣ ਕੇ ਗਿਆਨ ਦੀਆਂ ਗੱਲਾਂ ਕਰਨ ਵਾਲਾ ਹੈਂ।

ਯਥਾ— **ਕਬਹੂ ਮੋਨਿਧਾਰੀ ਲਾਵੈ ਧਿਆਨੁ ॥** [ਗਉੜੀ ਮ: ੫, ਅੰਗ ੨੭੭]

PDF created with pdfFactory Pro trial version www.pdffactory.com

## ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ ॥

ਵਾਹਿਗੁਰੂ ਕਉੜਾ=ਦੁਖਦਾਇਕ ਕਿਸੇ ਨੂੰ ਭੀ ਨਹੀਂ ਲਗਦਾ ਸਭਨਾਂ ਨੂੰ ਹੀ ਭਾਨਾ=ਚੰਗਾ ਲੱਗਦਾ ਹੈ।

ਯਥਾ— **੧. ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥** [ਸੂਹੀ ਮਹਲਾ ੫, ਅੰਗ ੭੮੪]

**੨. ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥** [ਸਲੋਕ ਫਰੀਦ, ਅੰਗ ੧੩੮੪]

## ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ ॥੧੯॥

ਉਸ ਵਾਹਿਗੁਰੂ ਦੀ ਉਸਤਤਿ=ਉਪਮਾਂ ਨੂੰ ਕੋਈ ਭੀ ਬਰਨਿ=ਕਥਨ ਨਹੀਂ ਕਰ ਸਕਦਾ ਇਸ ਲਈ ਮੈਂ ਉਸਤੋਂ ਸਦਾ ਸਦਾ ਕੁਰਬਾਨਾ=ਬਲਿਹਾਰ ਜਾਂਦਾ ਹਾਂ।

ਯਥਾ—**੧. ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥**
**ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥** [ਫੁਨਹੇ ਮਹਲਾ ੫, ਅੰਗ ੧੩੬੧]

**੨. ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥** [ਗਉੜੀ ਮਹਲਾ ੫, ਅੰਗ ੨੭੫]

**ਸਾਖੀ—**ਇਕ ਵਾਰ ਅਰਜਨ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਲਈ ਭਗਵਾਨ ਜੀ ਦੇ ਟਿਕਾਣੇ ’ਤੇ ਪਹੁੰਚਿਆ। ਜਦੋਂ ਕੁੰਤੀ ਪੁੱਤਰ ਅਰਜਨ ਭਗਵਾਨ ਜੀ ਦੇ ਸਮੀਪ-ਭਾਵ ਨੇੜੇ ਪਹੁੰਚਿਆ ਤਾਂ ਵੇਖ ਕੇ ਹੈਰਾਨੀ ਹੋਈ ਕੁਝ ਪ੍ਰਸ਼ਨ ਪ੍ਰਗਟ ਹੋ ਗਏ ਪਰ ਚੁੱਪ ਰਿਹਾ ਪ੍ਰਸ਼ਨਾਂ ਦੇ ਕਾਰਨਾਂ ਨੂੰ ਬੇ-ਸਬਰੀ ਨਾਲ ਵੇਖਦਾ ਰਿਹਾ। ਇਸ ਦੇ ਪ੍ਰਸ਼ਨਾਂ ਦੇ ਕਾਰਨ ਇਹ ਸਨ ਕਿ ਭਗਵਾਨ ਜੀ ਦੇ ਦੋਵੇਂ ਨੇਤਰ ਬੰਦ ਸਨ, ਹੱਥ ਵਿਚ ਮਾਲਾ ਲਈ ਹੋਈ ਸੀ। ਅਰਜਨ ਸੋਚਦਾ ਹੈ ਕਿ ਜਿਸ ਭਗਵਾਨ ਦਾ ਨਾਮ ਤਿੰਨੇ ਲੋਕਾਂ ਵਿਚ ਜਪਿਆ ਜਾਂਦਾ ਹੈ ਉਹ ਭਗਵਾਨ ਕਿਸ ਦਾ ਨਾਮ ਜਪਦੇ ਹਨ। ਜਿਸ ਦਾ ਧਿਆਨ ਸਮੱਸਤ ਪ੍ਰਾਣੀ ਧਾਰਦੇ ਹਨ। ਉਹ ਭਗਵਾਨ ਕਿਸ ਧਿਆਨ ਸਾਧਨਾਂ ਵਿਚ ਹੈ। ਕੁਝ ਸਮੇਂ ਬਾਅਦ ਭਗਵਾਨ ਜੀ ਸਮਾਧੀ ਤੋਂ ਉਥਾਨ ਹੋਏ ਭਾਵ ਉਠੇ, ਅਰਜਨ ਨੇ ਜਾ ਕੇ ਨਮਸ਼ਕਾਰ ਕੀਤੀ। ਭਗਵਾਨ ਜੀ ਨੇ ਸਾਰੇ ਪਰਿਵਾਰ ਦੀ ਸੁਖ ਸਾਂਦ ਪੁੱਛੀ। ਦੋਨਾਂ ਪਾਸਿਆਂ ਤੋਂ ਸੁਖ ਸਾਂਦ ਪੁੱਛ ਪੁਛਾ ਕੇ ਆਪਣੇ ਸੰਸੇ ਨਵਿਰਤੀ ਵਾਸਤੇ ਅਰਜਨ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਪੁੱਛਿਆ ਕਿ ਅਜ ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਹੈ ਕਿ ਤੁਸੀਂ ਭੀ ਕਿਸੇ ਦਾ ਨਾਮ ਜਪਦੇ ਹੋ ਔਰ ਧਿਆਨ ਧਰਦੇ ਹੋ। ਮੈਂ ਇਹ ਜਾਨਣਾ ਚਾਹੁੰਦਾ ਹਾਂ ਮੇਰੇ ਪ੍ਰਸ਼ਨਾਂ ਦਾ ਉੱਤਰ ਦਿਉ।

੧. **ਪ੍ਰਸ਼ਨ** : ਕਿ ਤੁਸੀਂ ਮਾਲਾ ਕਿਸ ਦੀ ਫੇਰਦੇ ਹੋ?
**ਉੱਤਰ** : ਜੋ ਮੇਰੀ ਮਾਲਾ ਫੇਰਦੇ ਹਨ।
੨. **ਪ੍ਰਸ਼ਨ** : ਤੁਸੀਂ ਕਿਸ ਦਾ ਧਿਆਨ ਧਰਦੇ ਹੋ?
**ਉੱਤਰ** : ਜੋ ਮੇਰਾ ਧਿਆਨ ਧਰਦੇ ਹਨ।
੩. **ਪ੍ਰਸ਼ਨ** : ਤੁਸੀਂ ਕਿਸ ਦਾ ਨਾਮ ਜਪਦੇ ਹੋ?
**ਉੱਤਰ** : ਜੋ ਮੇਰਾ ਨਾਮ ਜਪਦੇ ਹਨ।

ਇਹ ਉੱਤਰ ਸੁਣ ਕੇ ਅਰਜਨ ਹੋਰ ਵੀ ਹੈਰਾਨ ਹੋਇਆ ਪਰ ਇਕ ਪ੍ਰਸ਼ਨ ਹੋਰ ਕੀਤਾ। ਕਿ ਉਹਨਾਂ ਭਗਤ ਜਨਾਂ ਦੇ ਵਿਚੋਂ ਆਪ ਜੀ ਨੂੰ ਸਭ ਤੋਂ ਪਿਆਰਾ ਕੌਣ ਹੈ? ਅਰਜਨ ਦੀ ਭਾਵਨਾ ਸਮਝਦੇ ਹੋਏ ਭਗਵਾਨ ਜੀ ਨੇ ਕਿਹਾ ਕਿ ਤੇਰੇ ਤੋਂ ਬਿਨਾਂ ਹੋਰ ਕੌਣ ਪਿਆਰਾ ਹੋ ਸਕਦਾ ਹੈ। ਭਗਵਾਨ ਦੀ ਮੁਖੋਂ ਕਹੀ ਹੋਈ ਗੱਲ ਤੋਂ ਅਰਜਨ ਦੀ ਤਸੱਲੀ ਨਾ ਹੋਈ ਕਿਉਂਕਿ ਭਗਵਾਨ ਜੀ ਮਨੋਂ ਨਹੀਂ ਕਹਿ ਰਹੇ ਸਨ। ਆਖ਼ਰ ਭਗਵਾਨ ਨੇ ਸੱਚ ਕਿਹਾ ਕਿ

PDF created with pdfFactory Pro trial version www.pdffactory.com

ਅਰਜਨ ਤੇਰੇ ਨਾਲੋਂ ਉਹ ਮੈਨੂੰ ਪਿਆਰਾ ਹੈ ਜਿਹੜਾ ਮੈਨੂੰ ਤੇਰੇ ਨਾਲੋਂ ਵੱਧ ਪਿਆਰ ਕਰ ਰਿਹਾ ਹੈ। ਅਰਜਨ ਨੂੰ ਸੂਖਮ ਜਿਹੀ ਈਰਖ਼ਾ ਫੁਰੀ ਅਤੇ ਕਿਹਾ ਦਿਖਾਓ ਕੌਣ ਹੈ ? ਅਰਜਨ ਨੂੰ ਨਾਲ ਲੈ ਕੇ ਭਗਵਾਨ ਨਦੀ ਕਿਨਾਰੇ ਜੰਗਲ ਵਿਚ ਪਹੁੰਚੇ ਜਿਥੇ ਇਕ ਸ਼ੇਰ ਨਦੀ ਦੇ ਵਿਚਕਾਰ ਪਾਣੀ ਦੇ ਵਿਚਕਾਰ ਪਾਣੀ ਪੀਣ ਦੀ ਲਾਲਸਾ ਵਿਚ ਖੜਾ ਸੀ ਪਰ ਪਾਣੀ ਨਹੀਂ ਸੀ ਪੀ ਰਿਹਾ; ਭਗਵਾਨ ਜੀ ਕਹਿਣ ਲੱਗੇ ਕਿ ਅਰਜਨ! ਮੈਂ ਇਹੋ ਜਿਹੇ ਭਗਤਾਂ ਦੇ ਧਿਆਨ ਵਿਚ ਸਮਾਧਿਸ਼ਟ ਹੁੰਦਾ ਹਾਂ! ਪਾਣੀ ਦਾ ਪਿਆਸਾ, ਢਿਡੋਂ ਭੁੱਖਾ ਪਿਛਲੇ ਜਨਮ ਦਾ ਤਪੱਸਵੀ ਇਸ ਸਮੇਂ ਇਸ ਦੀ ਇਹ ਹਾਲਤ ਹੈ ਕਿ ਮਨ ਇਕਾਗਰ ਹੋ ਕੇ ਨਾਮ ਵਿਚ ਲੱਗਾ ਹੋਇਆ ਹੈ। ਹਰ ਸੁਆਸ ਨਾਲ ਨਾਮ ਦਾ ਚਿੰਤਨ ਕਰ ਰਿਹਾ ਹੈ। ਨਾਮ ਭੁੱਲ ਜਾਣ ਦੇ ਭੈ ਕਾਰਨ ਪਾਣੀ ਨਹੀਂ ਪੀ ਰਿਹਾ। ਇਕ-ਇਕ ਪੱਲ ਵਿਚ ਪ੍ਰਾਣ ਖਤਮ ਹੋ ਰਹੇ ਹਨ ਪਰ ਪਾਣੀ ਪੀ ਕੇ ਆਪਣੇ ਪ੍ਰਾਣਾਂ ਦੀ ਰੱਖਿਆ ਨਹੀਂ ਕਰ ਰਿਹਾ, ਹਰ ਦਮ ਦੇ ਨਾਲ ਨਾਮ ਨੂੰ ਸੰਭਾਲ ਰਿਹਾ ਹੈ ਹੁਣ ਤੂੰ ਉੱਚੇ-ਉੱਚੇ ਨਾਮ ਦਾ ਉਚਾਰਨ ਕਰ ਇਹ ਕੰਨਾਂ ਦੁਆਰਾ ਸੁਣ ਕੇ ਨਾਮ ਦਾ ਲਾਹਾ ਲੈਂਦਾ ਰਹੇਗਾ ਤੇ ਪਾਣੀ ਭੀ ਪੀ ਲਵੇਗਾ। ਅਰਜਨ ਨੇ ਨਾਮ ਉਚਾਰਨ ਕੀਤਾ ਤਾਂ ਸ਼ੇਰ ਦੀ ਸਮਾਧੀ ਖੁਲ੍ਹੀ ਸਾਹਮਣੇ ਕ੍ਰਿਸ਼ਨ ਜੀ ਖੜੇ ਨਜ਼ਰ ਆਏ ਤਾਂ ਸ਼ੇਰ ਪਾਣੀ ਛੱਡ ਕੇ ਮੱਥਾ ਟੇਕਣ ਦੀ ਭਾਵਨਾ ਨਾਲ ਤੁਰਨ ਲੱਗਾ ਤਾਂ ਭਗਵਾਨ ਜੀ ਨੇ ਹੱਥ ਖੜਾ ਕਰਕੇ ਰੋਕ ਦਿੱਤਾ ਅਤੇ ਕਿਹਾ ਕਿ ਜੇ ਮੇਰੀ ਖੁਸ਼ੀ ਲੈਣੀ ਹੈ ਤਾਂ ਪਹਿਲਾਂ ਪਾਣੀ ਪੀ ਤਾਂ ਸ਼ੇਰ ਨੇ ਪਾਣੀ ਪੀਤਾ ਤੇ ਭਗਵਾਨ ਕ੍ਰਿਸ਼ਨ ਦੇ ਚਰਨਾਂ ਵਿਚ ਮੱਥਾ ਟੇਕਿਆ ਜਦੋਂ ਭਗਵਾਨ ਜੀ ਨੇ ਸਿਰ 'ਤੇ ਹੱਥ ਰਖਿਆ ਉਸੇ ਵੇਲੇ ਸ਼ੇਰ ਦਾ ਜਾਮਾ ਤਿਆਗ ਕੇ ਤਪੱਸਵੀ ਰੂਪ ਧਾਰਨ ਕਰਕੇ ਬੈਕੁੰਠ ਨੂੰ ਚਲਾ ਗਿਆ ਤਾਂ ਅਰਜਨ ਬੜਾ ਹੈਰਾਨ ਹੋਇਆ, ਪੁੱਛਿਆ ਮਹਾਰਾਜ ਇਹ ਕੀ ਕੌਤਕ ਹੈ ਤਾਂ ਭਗਵਾਨ ਜੀ ਨੇ ਦੱਸਿਆ ਕਿ ਪਿਛਲੇ ਜਨਮ ਵਿਚ ਅੰਤ ਵੇਲੇ ਨੇੜੇ ਤੋਂ ਰਿੱਝਦੇ ਮਾਸ ਦੀ ਵਾਸ਼ਨਾਂ ਤੋਂ ਇਸ ਦੇ ਅੰਦਰ ਮਾਸ ਖਾਣ ਦਾ ਸੰਕਲਪ ਹੋਇਆ ਉਸ ਇੱਛਾ ਦੇ ਕਾਰਨ ਇਸਨੂੰ ਸ਼ੇਰ ਜੂਨੀ ਮਿਲੀ ਪਰ ਪਿਛਲੇ ਜਨਮ ਦੀ ਭਗਤੀ ਦੇ ਪ੍ਰਤਾਪ ਕਰਕੇ ਇਸ ਜਨਮ ਵਿਚ ਵੀ ਸੁਆਸ-ਸੁਆਸ ਨਾਮ ਜਪਦਾ ਰਿਹਾ, ਇਸ ਨੂੰ ਪਹਿਲੇ ਜਨਮ ਦਾ ਇਹ ਸੰਸਕਾਰ ਦ੍ਰਿੜ੍ਹ ਰਿਹਾ ਕਿ :—

**ਦਮਿ ਦਮਿ ਸਦਾ ਸਮੑਾਲਦਾ ਦੰਮੁ ਨ ਬਿਰਥਾ ਜਾਇ ॥**

ਵਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੨੬ [ਆਦਿ ਅੰਗ ੫੫੭]

***ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥***

## ਵਡਹੰਸ ਮਹਲਾ ੧ ਘਰੁ ੨ ॥

ਇਹ ਸ਼ਬਦ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਹੈ।

**ਨੋਟ**—ਇਸ ਸ਼ਬਦ ਦੇ ਦੋ ਅਰਥ ਹਨ। ਇਕ ਅੰਤ੍ਰੀਵ ਅਤੇ ਦੂਜਾ ਬਾਹਝ ਹੈ। ਇਸ ਕਰਕੇ ਉਥਾਨਕਾ ਵੀ ਇਸ ਸ਼ਬਦ ਵਿਚ ਦੋ ਹੀ ਲਗਣਗੀਆਂ। ਇਕ ਅੰਤਰੀਵ ਦੂਜੀ ਬਾਹਝ। ਪਹਿਲੀ ਉਥਾਨਕਾ ਇਸ ਪ੍ਰਕਾਰ ਹੈ।

**ਉਥਾਨਕਾ—**ਬ੍ਰਹਮਾ ਦੀ ਕੁਲ ਕਸ਼ਪ ਰਿਸ਼ੀ ਜੀ ਹੋਏ, ਜਿਸ ਦੇ ਘਰ ਹਰਨਕਸ਼ਪ ਤੇ ਹਰਣਾਖਸ਼ ਹੋਇਆ ਤੇ ਹਰਣਾਖਸ਼ ਦੇ ਘਰ ਪ੍ਰਹਿਲਾਦ ਭਗਤ ਸੀ। ਉਹਨਾਂ ਦੇ ਅੱਗੇ ਰਾਜਾ ਬਿਰੋਚਨ ਜੀ, ਤੇ ਰਾਜਾ ਬਿਰੋਚਨ ਜੀ ਦੇ ਘਰ ਬਲ-ਰਾਜਾ ਨੂੰ ਵਿਸ਼ਨੂੰ ਜੀ ਨੇ ਬਾਵਨ ਰੂਪ ਹੋ ਕੇ ਛਲਿਆ ਅਤੇ ਉਸ ਦੀ ਭਗਤੀ ਦੇ ਪ੍ਰਭਾਵ ਕਰਕੇ ਪਤਾਲ ਵਿਚ ਉਸ ਦੇ ਦਰਵਾਜ਼ੇ ਅੱਗੇ ਪਹਿਰਾ ਦੇਣਾ ਸਵੀਕਾਰ ਕੀਤਾ। ਇਸ 'ਬਲ ਰਾਜਾ' ਦੇ ਘਰ 'ਬਾਨਾਸੁਰ' ਨਾਮੀ ਪੁੱਤਰ ਪੈਦਾ ਹੋਇਆ ਜਿਸ ਨੇ 'ਕੈਲਾਸ਼ ਪਰਬਤ' 'ਤੇ ਬੈਠ ਕੇ ਬੜਾ ਭਾਰੀ ਤਪ ਕੀਤਾ ਅਤੇ ਸ਼ਿਵਜੀ ਨੂੰ ਪ੍ਰਸੰਨ ਕਰਕੇ ਉਸ ਤੋਂ ਹਜ਼ਾਰਾਂ ਬਾਹਾਂ ਦਾ ਬਲ ਵਰਦਾਨ ਲਿਆ। ਰਾਜਾ 'ਬਾਨਾਸੁਰ' ਨੇ ਬੜੀਆਂ ਖੁਸ਼ੀਆਂ ਮਨਾਈਆਂ। ਮ੍ਰਿਦੰਗ ਆਦਿਕ ਵਾਜੇ ਵਜਾ ਕੇ ਸ਼ਿਵਜੀ ਮਹਾਰਾਜ ਨੂੰ ਬਹੁਤ ਪ੍ਰਸੰਨ ਕੀਤਾ। ਉਪਰੰਤ ਆਪਣੇ ਸ਼ਹਿਰ ਵਿਚ ਅਗਨੀ ਤੇ ਪਉਣ ਦਾ ਕੋਟ ਉਸਾਰ ਕੇ ਚਉਫੇਰੇ ਜਲ ਖਾਈ ਤਿਆਰ ਕਰਕੇ ਬੜਾ ਅਨੰਦ ਪੂਰਵਕ ਨਿਰਭੈਅ ਹੋ ਕੇ ਰਹਿਣ ਲੱਗਾ। ਆਪਣਾ ਅਮਿਤ ਬਲ ਵੇਖ ਕੇ ਰਾਜਾ 'ਬਾਨਾਸੁਰ' ਦੀਆਂ ਭੁਜਾਂ ਕਿਸੇ ਨਾਲ ਯੁੱਧ ਕਰਨ ਵਾਸਤੇ ਫਰਕਣ ਲਗ ਪਈਆ। ਰਾਜਾ ਦਿਲ ਵਿਚ ਵਿਚਾਰੇ :

ਚੌਪਈ— **ਭਈ ਖੁਰਕ ਲਰਬੇ ਬਿਨ ਭਾਰੀ॥ ਕਾਂ ਕੇ ਸੰਗ ਕਰੋਂ ਯੁੱਧ ਭਾਰੀ।**
**ਨਹੀਂ ਸੂਰ ਦੇਖਤ ਮੈਂ ਐਸਾ॥ ਜਾ ਕੇ ਸੰਗ ਕਰੋਂ ਰਣ ਵੈਸਾ॥੧॥**

**ਅਰਥਾਤ**—ਰਾਜਾ ਦਿਲ ਵਿਚ ਵਿਚਾਰਦਾ ਹੈ ਕਿ ਬਾਹਾਂ ਨੂੰ ਬੜੀ ਖੁਰਕ ਹੋ ਰਹੀ ਹੈ। ਜੋ ਕਿਸੇ ਯੋਧੇ ਨਾਲ ਜੰਗ ਕੀਤੇ ਤੋਂ ਬਿਨਾ ਹਟ ਨਹੀਂ ਸਕਦੀ। ਇਸ ਕਰਕੇ ਮੇਰੇ ਬਰਾਬਰ ਦਾ ਹੋਰ ਕਿਹੜਾ ਹੈ। ਜਿਸ ਨਾਲ ਮੈਂ ਜੰਗ

PDF created with pdfFactory Pro trial version www.pdffactory.com

ਕਰਕੇ ਬਾਹਾਂ ਦੀ ਖੁਰਕ ਮਿਟਾਵਾਂ। ਇਸੇ ਜੋਸ਼ ਵਿਚ ਕਈ ਪਹਾੜਾਂ ਨੂੰ ਟਕਰਾਅ-ਟਕਰਾਅ ਕੇ ਚੂਰ ਕਰ ਦਿੱਤਾ। ਪਰ ਬਾਹਾਂ ਦੀ ਖੁਰਕ ਫੇਰ ਵੀ ਨਾ ਗਈ। ਅੰਤ ਨੂੰ ਸ਼ਿਵਜੀ ਪਾਸ ਜਾ ਕੇ ਕਿਹਾ। ਕਿ ਮੈਨੂੰ ਕੋਈ ਮਹਾਂਬਲੀ ਸੂਰਮਾ ਦੱਸ, ਜਿਸ ਨਾਲ ਮੈਂ ਯੁੱਧ ਕਰਕੇ ਦਿਲ ਦਾ ਜ਼ੋਸ਼ ਠੰਢਾ ਕਰਾਂ।

ਇਹ ਗੱਲ ਸੁਣ ਕੇ ਸ਼ਿਵਜੀ ਨੇ ਕਿਹਾ ਕਿ ਘਬਰਾ ਨਹੀਂ ਤੇਰੇ ਨਾਲ ਯੁੱਧ ਕਰਨ ਵਾਲਾ ਯਾਦਵ ਕੁਲ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਵਿਸ਼ਨੂੰ ਦਾ ਅਵਤਾਰ ਹੋਵੇਗਾ। ਬਾਨਾਸੁਰ ਪ੍ਰਸੰਨ ਹੋ ਕੇ ਕਹਿਣ ਲੱਗਾ ਉਹ ਕਦੋਂ ਅਵਤਾਰ ਲਵੇਗਾ ? ਮੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕ੍ਰਿਸ਼ਨ ਜੀ ਨੇ ਅਵਤਾਰ ਧਾਰ ਲਿਆ ਅਤੇ ਮੇਰੇ ਨਾਲ ਕਿਸ ਸਮੇਂ ਯੁੱਧ ਕਰੇਗਾ ?

ਇਹ ਗੱਲ ਸੁਣ ਕੇ ਸ਼ਿਵਜੀ ਨੇ ਰਾਜੇ ਨੂੰ ਇਕ ਧੁਜਾ [ਝੰਡਾ] ਦੇ ਕੇ ਕਿਹਾ ਇਸ ਨੂੰ ਆਪਣੇ ਮੰਦਰ ਉੱਪਰ ਖੜਾ ਕਰ ਦੇਹ। ਜਿਸ ਵੇਲੇ ਇਹ ਆਪਣੇ ਆਪ ਡਿੱਗ ਪਵੇਗਾ ਤਾਂ ਸਮਝ ਲਈ ਕਿ ਮੇਰਾ ਸ਼ਤਰੂ ਪੈਦਾ ਹੋ ਗਿਆ ਹੈ। ਰਾਜੇ ਨੇ ਸੱਤ ਵਚਨ ਕਹਿ ਕੇ ਸ਼ਿਵਜੀ ਪਾਸੋਂ ਧੁਜਾ ਲੈ ਲਈ ਅਤੇ ਘਰ ਜਾ ਕੇ ਆਪਣੇ ਮੰਦਰ ਉੱਪਰ ਖੜੀ ਕਰ ਦਿੱਤੀ । ਇਹ ਜੋ ਕੁਝ ਉੱਪਰ ਦੱਸਿਆ ਹੈ ਇਹ ਉਸ ਦੇ ਘਰਾਣੇ ਦਾ ਹਾਲ ਹੈ ਜਿਸ ਦਾ ਕਿ ਇਸ ਸਾਖੀ ਨਾਲਸੰਬੰਧ ਹੈ, ਇਸ ਰਾਜੇ ਬਾਨਾਸੁਰ ਦੀ ਇਕ ਲੜਕੀ "ਊਖਾਂ" ਨਾਮ ਕਰਕੇ ਸੀ, ਇਸ ਦੀ ਮਾਂ ਦਾ ਨਾਮ "ਬਾਨਾਵਤੀ" ਕਰਕੇ ਸੀ। ਜੋ ਰਾਜੇ ਬਾਨਾਸੁਰ ਦੀ ਪਟਰਾਣੀ ਸੀ। ਜੋ ਊਖਾਂ ਨਾਮ ਦੀ ਲੜਕੀ ਬੜੀ ਅਕਲ ਸ਼ਕਲ ਵਾਲੀ ਸੀ। ਵਿਦਿਆ ਪ੍ਰਾਪਤੀ ਵਾਸਤੇ ਰਾਜੇ ਨੇ ਇਸਨੂੰ ਪਾਰਬਤੀ ਪਾਸ ਪੜ੍ਹਨੇ ਪਾਇਆ ਹੋਇਆ ਸੀ। ਜੋ ਸੱਤ ਸਾਲ ਲਗਾਤਾਰ ਆਪਣੇ ਘਰੋਂ ਕੈਲਾਸ਼ ਪਰਬਤ ਉਤੇ ਪੜ੍ਹਣ ਜਾਂਦੀ ਤੇ ਮੁੜ ਘਰ ਆਉਂਦੀ ਸੀ।

ਇਕ ਦਿਨ ਊਖਾਂ ਨੇ ਦੇਵਨੇਤ ਹੀ ਸ਼ਿਵਜੀ ਤੇ ਪਾਰਬਤੀ ਨੂੰ ਗ੍ਰਿਹਸਤ-ਧਰਮ ਕਰਦਿਆਂ ਵੇਖ ਲਿਆ। ਜਿਸ ਤੋਂ ਪਤੀ ਦੀ ਪ੍ਰਾਪਤੀ ਵਾਸਤੇ ਊਖਾਂ ਦੇ ਦਿਲ ਵਿਚ ਵੀ ਇੱਛਾ ਪੈਦਾ ਹੋ ਗਈ। ਪਾਰਬਤੀ ਨੇ ਇਸ ਦੇ ਅੰਤ੍ਰੀਵ ਭਾਵ ਨੂੰ ਸਮਝ ਕੇ ਕਿਹਾ ਉਤਾਵਲੀ ਨਾ ਹੋ ਤੈਨੂੰ ਤੇਰੇ ਹੋਣ ਵਾਲੇ ਪਤੀ ਦਾ ਪਹਿਲਾਂ ਸੁਪਨੇ ਵਿਚ ਚਿੱਤਰ ਆਵੇਗਾ। ਫਿਰ ਤੂੰ ਉਸ ਨੂੰ ਲੱਭ ਕੇ ਪਤੀ ਵਰ ਲਵੀਂ। ਇਉਂ ਭਵਿੱਖਤ ਵਚਨ ਕਹਿ ਕੇ ਊਖਾਂ ਨੂੰ ਵਿਦਾ ਕਰ ਦਿੱਤਾ। ਘਰ ਆ ਕੇ ਊਖਾਂ ਰਾਤ ਦਿਨ ਉਦਾਸੀ ਵਿਚ ਰਹਿਣ ਲੱਗ ਪਈ। ਜਿਸ ਤੇ ਅੰਨ-ਪਾਣੀ ਵੀ ਥੋੜ੍ਹਾ ਖਾਇਆ ਕਰੇ, ਅਤੇ ਹਾਸ ਵਿਲਾਸ ਤੋਂ ਵਾਂਝੀ ਰਹੇ। ਇਸ ਦੀ ਐਸੀ ਦਸ਼ਾ ਵੇਖ ਕੇ ਰਾਜੇ ਨੇ ਇਸ ਨੂੰ ਇਕ ਸੁੰਦਰ ਬਗੀਚਾ ਤੇ ਉਸ ਵਿਚ ਤਲਾਬ ਬਣਵਾ ਦਿੱਤਾ। ਹੱਸਣ ਖੇਡਣ ਵਾਸਤੇ ਦਾਸੀਆਂ ਰਖ ਦਿੱਤੀਆਂ। ਊਖਾਂ ਨੇ ਉਸ ਬਗੀਚੇ ਵਿਚ ਪਾਰਬਤੀ ਦੀ ਪੂਜਾ ਵਾਸਤੇ ਇਕ ਸੁੰਦਰ ਅਸਥਾਨ ਤਿਆਰ ਕਰਵਾਇਆ ਅਤੇ ਸਦੀਵ ਕਾਲ ਪਾਰਬਤੀ ਦੀ ਪੂਜਾ ਕਰਦੀ ਰਹੇ।

ਇਕ ਦਿਨ ਪਤੀ ਮਿਲਾਪ ਦੀ ਯਾਦ ਵਿਚ ਸੌਂ ਗਈ ਅਤੇ ਪਾਰਬਤੀ ਦੇ ਵਰ ਕਰਕੇ ਇਕ ਸੁੰਦਰ ਚੜ੍ਹਦੀ ਜਵਾਨੀ ਵਾਲੇ ਗੱਭਰੂ ਦਾ ਸੁਪਨੇ ਵਿਚ ਊਖਾਂ ਨੂੰ ਦਰਸ਼ਨ ਹੋਇਆ। ਸੁਪਨੇ ਵਿਚ ਹੀ ਆਹਮਣੋ ਸਾਹਮਣੇ ਬੈਠ ਕੇ ਪ੍ਰੇਮ ਮਈ ਗੱਲਾਂ ਕਰਦੇ ਰਹੇ। ਜਦ ਊਖਾਂ ਨੇੜੇ ਹੋ ਕੇ ਸਰੀਰਕ ਛੋਹ ਪ੍ਰਾਪਤ ਕਰਨ ਲੱਗੀ ਤਾਂ ਨੀਂਦ ਖੁੱਲ੍ਹ ਗਈ। ਹੱਥ ਪਸਾਰਦੀ ਤੇ ਮੁੜ ਅੱਖਾਂ ਮੀਟਦੀ ਹੀ ਰਹਿ ਗਈ। ਪਰ ਪਤੀ ਦੇਵ ਜੀ ਮੁੜ ਨਾ ਆਏ। ਬਸ ਪਾਰਬਤੀ ਦੇ ਵਚਨ ਅਨੁਸਾਰ ਆਪਣਾ ਹੋਣ ਵਾਲਾ ਪਤੀ ਸਮਝ ਕੇ ਉਸੇ ਦੀ ਯਾਦ ਤੇ ਮੇਲ ਦੇ ਖਿਆਲ ਵਿਚ ਲੀਨ ਹੋ ਕੇ ਉਦਾਸ ਰਹਿਣ ਲੱਗੀ। ਸਖੀਆਂ ਸਹੇਲੀਆਂ ਨੇ ਬਹੁਤ ਪੁੱਛਿਆ ਪ੍ਰੰਤੂ ਕਿਸੇ ਨੂੰ ਆਪਣਾ ਭੇਤ ਨਾ ਦੱਸੇ। ਅੰਤ ਨੂੰ ਇਕ [ਚਿੱਤਰ ਰੇਖਾ ਨਾਮੀ] ਸਖੀ ਨੇ ਜੋ ਚਿਤਰਕਾਰੀ ਵਿਚ ਚਤੁਰ ਸੀ, ਵਿਸਵਾਸ਼ ਦੇ ਕੇ ਕਿਹਾ ਕਿ ਤੂੰ ਬੇ-ਝਿਜਕ ਹੋ ਕੇ ਆਪਣੇ ਦਿਲ ਦੀ ਗੱਲ ਦੱਸ ਦੇ, ਮੈਂ ਤੇਰਾ ਕੰਮ ਪੂਰਾ ਕਰਾਂਗੀ ਕਿਉਂਕਿ :

ਯਥਾ— **ਮੋਕੋ ਵਰ ਬ੍ਰਹਮਾ ਨੇ ਦੀਨੋ ॥ ਵਸ ਮੇਰੇ ਸਭ ਹੀ ਕੋ ਕੀਨੋ ॥**
**ਮੇਰੇ ਸੰਗ ਸਾਰਦਾ ਰਹੈ ॥ ਵਾਕੇ ਬਲ ਕਰਹੋ ਜੋ ਕਹੈ ॥**
**ਅਬ ਤੂੰ ਕਹੁ ਅਪਨੀ ਬਾਤ ॥ ਕੈਸੇ ਕਟੀ ਆਜ ਕੀ ਰਾਤ ॥**
**ਮੋ ਸੋ ਕਪਟ ਕਰੋ ਨਿਜ ਪਿਆਰੀ ॥ ਪੁਜਵੋਂਗੀ ਸਭ ਆਸ ਤਿਹਾਰੀ ॥**

PDF created with pdfFactory Pro trial version www.pdffactory.com

ਬਸ ਚਿੱਤਰ ਰੇਖਾ ਦੀ ਇਹ ਗੱਲ ਸੁਣ ਕੇ ਊਖਾਂ ਨੇ ਆਪਣਾ ਸਾਰਾ ਦਿਲ ਉਸ ਅੱਗੇ ਖੋਲ੍ਹ ਦਿੱਤਾ ਅਤੇ ਜੋ ਕੁਝ ਸੁਪਨੇ ਵਿਚ ਬੀਤਿਆ ਸੀ ਉਸ ਦਾ ਨਕਸ਼ਾ ਗੁਰੂ ਸਾਹਿਬ ਜੀ ਨੇ ਇਸ ਸ਼ਬਦ ਦੁਆਰਾ ਪਰਗਟ ਕੀਤਾ। ਹੁਣ ਊਖਾਂ ਆਪਣੇ ਸੁਪਨ ਦਰਸ਼ਨ ਦੀ ਸਾਰੀ ਹਾਲਤ ਸੁਣਾਉਂਦੀ ਹੈ: ਕਿਉਂਕਿ ਕਾਵਯ ਸ਼ਾਸਤ੍ਰ ਵਿਚ ਚਾਰ ਪ੍ਰਕਾਰ ਦਾ ਦਰਸ਼ਨ ਕਥਨ ਕੀਤਾ ਹੈ:

**੧. ਪ੍ਰਤੱਖ ਦਰਸ਼ਨ। ੨. ਮੂਰਤੀ ਦਰਸ਼ਨ।**
**੩. ਸਰਵਣ ਦਰਸ਼ਨ। ੪. ਸੁਪਨ ਦਰਸ਼ਨ।**
**੩. ਮੋਰੀ ਰੁਣ ਝੁਣ ਲਾਇਆ। ੨. ਭੈਣੇ ਸਾਵਣੁ ਆਇਆ॥**
**੪. ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥**
**੭. ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥**
**੮. ਜਾ ਤੂ ਤਾ ੫. ਮੈਂ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥**
**੯. ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥**
**੧੦. ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥**
**੧੧. ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥**
**੧੨. ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥**
**੧੩. ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥**
**੧੪. ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥**
**੧੫. ਮਾਠਿ ਗੁੰਦਾਂਈ ਪਟੀਆ ਭਰੀਐ ਮਾਗ ਸੰਧੂਰੇ॥**
**੧੬. ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥**
**੧੭. ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥**
**੧੮. ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥**
**੧. ਸੁਪਨੈ ਆਇਆ ੬. ਭੀ ਗਇਆ ਮੈ ਜਲੁ ਭਰਿਆ ਰੋਇ॥**
**੧੯. ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥**
**੨੦. ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥**
**੨੧. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**੨੨. ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**
**੨੩. ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥**

**ਨੋਟ**—ਇਸ ਸ਼ਬਦ ਦਾ ਅਰਥ ਅਨਵੇਂ ਰੀਤ ਨਾਲ ਹੈ। ਅਨਵੇਂ ਤੋਂ ਭਾਵ ਹੈ ਕਿ ਅਰਥ ਕਰਨ ਦੀਆਂ ੬ ਰੀਤਾਂ ਦੇ ਵਿਚ ਇਕ ਰੀਤ ਅਰਥ ਦੀ ਚੰਗੀ ਜੜਤੀ ਲਈ ਅਗਲੀਆਂ ਤੁੱਕਾਂ ਪਿਛੇ ਤੇ ਪਿਛਲੀਆਂ ਅਗੇ ਕਰਕੇ ਅਰਥ ਕਰਨਾ।

**ਅਰਥ ਸ਼ੁਰੂ**: ੧. **ਸੁਪਨੈ ਆਇਆ**—ਸੁਪਨੇ ਦੇ ਵਿਚ ਜਿਸ ਵੇਲੇ ਮੇਰਾ ਪਤੀ ਅਨਰੁਧ ਆਇਆ। ੨. **ਭੈਣੇ ਸਾਵਣੁ ਆਇਆ**—ਹੇ ਚਿੱਤਰ ਰੇਖਾ ਭੈਣੇ! ਉਸ ਵੇਲੇ ਮੈਨੂੰ ਇਹੋ ਜਿਹਾ ਸਾਵਣੁ=ਅਨੰਦ ਪ੍ਰਾਪਤ ਹੋਇਆ।

੩. **ਮੋਰੀ ਰੁਣ ਝੁਣ ਲਾਇਆ**—ਜਿਵੇਂ ਸਾਵਣ ਦੇ ਮਹੀਨੇ ਆਈਆਂ ਹੋਈਆਂ ਕਾਲੀਆਂ ਘਟਾਂ ਨੂੰ ਵੇਖ ਕੇ ਮੋਰ ਰੁਣ ਝੁਣ ਲਾ ਕੇ ਪੈਲਾਂ ਪਾਉਂਦਾ ਹੈ। **ਰੁਣ ਝੁਣ**=ਸੰਸਕ੍ਰਿਤ, ਧਾਤੂ=ਰੁ ਅਤੇ ਪੰਜਾਬੀ ਵਿਚ ਰੁਣ=ਬਰੀਕ ਗਾਉਣਦੇ ਸ਼ਬਦ ਨੂੰ ਕਹਿੰਦੇ ਹਨ, ਮੱਧਮੁ ਮੱਧਮ ਗਾਉਣਾ, ਮਿਠਾ-ਮਿਠਾ ਸ਼ਬਦ। ੨. ਪੰਛੀਆਂ ਦਾ ਸ਼ਬਦ ਜੋ ਉਹ ਖੁਸ਼ੀ ਵੇਲੇ ਕਰਦੇ ਹਨ ਇਥੇ ਬੱਦਲਾਂ ਨੂੰ ਵੇਖ ਕੇ ਮੋਰਾਂ ਦਾ ਖੁਸ਼ੀ ਵਿਚ ਬੋਲਣ ਦੇ ਸ਼ਬਦ ਦਾ ਭਾਵ ਹੈ।

PDF created with pdfFactory Pro trial version www.pdffactory.com

## ੪. ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥

ਇਸ ਲਈ ਉਸਦੇ ਕਟਾਰੇ=ਕਟਾਕਸ਼ ਨੇਤਰਾਂ ਦੀ ਤਿਖੀ ਦ੍ਰਿਸ਼ਟੀ ਨੇ ਜੋ ਜੇਵਡਾ=ਰੱਸੇ ਵਾਂਗ ਫਸਾਉਣ ਵਾਲੇ ਸਨ ਤਿਨ੍ਹਾਂ ਲੋਭੀ ਨੇਤਰਾਂ ਨੇ ਲੋਭ ਦੇ ਕੇ ਮੈਂ ਮੁੰਧ=ਇਸਤ੍ਰੀ ਨੂੰ ਲੁਭਾਇਮਾਨ ਕਰ ਲਿਆ ਹੈ।

੫. **ਮੈਂ ਮਾਣੁ ਕੀਆ**—ਤਿਸ ਵੇਲੇ ਮੈਂ ਆਪਣੇ ਮਨ ਵਿਚ ਮਾਣ=ਹੰਕਾਰ ਕਰ ਲਿਆ ਕਿ ਮੇਰਾ ਪਤੀ ਆ ਕੇ ਮਿਲ ਗਿਆ ਹੈ।

੬. **ਭੀ ਗਇਆ ਮੈ ਜਲੁ ਭਰਿਆ ਰੋਇ**—ਮਾਣ ਕਰਨ ਨਾਲ ਭੀ=ਫੇਰ ਉਹ ਮੇਰੇ ਕੋਲੋਂ ਚਲਾ ਗਿਆ। ਸਾਰੀ ਰਾਤ ਫਿਰ ਮੈਂ ਅੱਖਾਂ ਵਿਚ ਜਲ ਭਰ ਕੇ ਰੋਣਾ ਕੀਤਾ। ਇਹ ਗੱਲ ਚਿੱਤਰ ਰੇਖਾ ਨੂੰ ਸੁਣਾਉਂਦੀ ਪਿਆਰੇ ਪਤੀ ਦੇ ਧਿਆਨ ਵਿਚ ਨਿਮਗਨ ਹੋ ਗਈ ਅਤੇ ਸਾਹਮਣੇ ਹੀ ਪਤੀ ਨੂੰ ਸਮਝ ਕੇ ਕਹਿਣ ਲੱਗੀ।

੭. **ਤੇਰੇ ਦਰਸਨ ਵਿਟਹੁ ਖੰਨੀਐ ਵੰਞਾ**—ਹੇ ਪਤੀ ਦੇਵ! ਮੈਂ ਤੇਰੇ=ਤੁਹਾਡੇ ਦਰਸ਼ਨਾਂ ਤੋਂ ਖੰਨੀਐ=ਟੁਕੜੇ ਵੰਞਾ=ਹੋਵਾਂ ਭਾਵ ਤੇਰੇ ਉਤੋਂ ਟੁਕੜੇ-ਟੁਕੜੇ ਹੋ ਜਾਂਦੀ ਹਾਂ। **ਤੇਰੇ ਨਾਮ ਵਿਟਹੁ ਕੁਰਬਾਣੋ** : ਅਤੇ ਆਪ ਜੀ ਦੇ ਨਾਮ ਤੋਂ ਬਲਿਹਾਰ ਕੁਰਬਾਣ ਜਾਂਦੀ ਹਾਂ।

## ੮. ਜਾ ਤੂ ਤਾ ਮੈ ਮਾਣੁ ਕੀਆ ਹੈ
## ਤੁਧੁ ਬਿਨੁ ਕੇਹਾ ਮੇਰਾ ਮਾਣੋ ॥

ਜਦੋਂ ਆਪ ਜੀ ਪ੍ਰਾਪਤ ਹੋਏ ਮੈਂ ਤਾਂ ਹੀ ਮਾਣ ਕੀਤਾ ਹੈ। ਆਪ ਤੋਂ ਬਿਨਾ ਮੇਰਾ ਨਿਮਾਣੀ ਦਾ ਕਾਹਦਾ ਮਾਣ ਹੈ ਕਿਉਂਕਿ ਪਤੀ ਤੋਂ ਬਗੈਰ ਔਰਤ ਦਾ ਕੁਝ ਮਾਣ ਨਹੀਂ ਹੁੰਦਾ। ਚਿੱਤਰ ਰੇਖਾ ਨੂੰ ਊਖਾਂ ਕਹਿੰਦੀ ਹੈ ਕਿ ਮੈਂ ਤਾਂ ਉਸ ਵਾਸਤੇ ਸੁੰਦਰ ਚੂੜਾ ਪਹਿਨਿਆ, ਸੋਹਣਾ ਜਿਹਾ ਪਲੰਘ ਵੀ ਵਿਛਾਇਆ ਪਰ ਸਮਝ ਨਹੀਂ ਆਉਂਦੀ ਕਿ ਕਿਉਂ ਚਲਾ ਗਿਆ ਇਹ ਗੱਲ ਸੁਣ ਕੇ ਚਿੱਤਰ ਰੇਖਾ ਜਵਾਬ ਦਿੰਦੀ ਹੈ।

## ੯. ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥

ਹੇ ਸੁੰਦਰ ਮੁੰਧੇ=ਔਰਤ ਊਖਾਂ! ਬਾਹਾ=ਭੁਜਾ ਸਹਿਤ ਚੂੜੇ ਨੂੰ ਭੰਨ ਦੇ ਅਤੇ ਬਾਹੀ=ਬਾਹੀਆਂ ਸਹਿਤ ਪਲੰਘ ਨੂੰ ਤੋੜ ਦੇ ਕਿਉਂਕਿ :

## ੧੦. ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥

ਹੇ ਪਿਆਰੀ ਮੁੰਧੇ=ਸੁੰਦਰ ਸਖੀ, ਇਹੋ ਜਿਹੇ ਸੁੰਦਰ ਲਿਬਾਸ ਕਰਨ ਨਾਲ ਭੀ ਜੇ ਸਹੁ=ਪਤੀ ਅਵਰਾਹਾ=ਹੋਰਨਾਂ ਵਿਚ ਜਾ ਰਾਤੋ=ਤਦਾਕਾਰ ਭਾਵ ਪ੍ਰੀਤੀਵਾਨ ਹੋਇਆ ਹੈ। ਪਤੀ ਤੋਂ ਬਿਨਾ ਇਸਤ੍ਰੀ ਦੇ ਸ਼ਿੰਗਾਰ ਕਰਨੇ ਕਿਸੇ ਲੇਖੇ ਨਹੀਂ ਹਨ

ਯਥਾ— **੧. ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ ॥ ਓਇ ਭੀ ਜਾਨਉ ਕਿਤੈ ਨ ਲੇਖੈ ॥**

[ਆਸਾ ਮਹਲਾ ੫, ਅੰਗ ੩੭੩]

**੨. ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥**
**ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥**
**ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥**
**ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥**

[ਸਿਰੀਰਾਗ ਮਹਲਾ ੧, ਅੰਗ ੧੯]

PDF created with pdfFactory Pro trial version www.pdffactory.com

**ਊਖਾਂ ਬੋਲੀ—**

### ੧੧. ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥

ਮੈਨੂੰ ਰਾਤ ਵਾਲਾ ਉਹ ਮਨੀਆਰੁ=ਮਨਿਆਰਾ ਨਹੀਂ ਮਿਲਦਾ ਜਿਸ ਨੇ ਚੂੜੀਆਂ ਪਹਿਨਾਈਆਂ ਸਨ ਅਤੇ ਨਾ ਹੀ ਰਾਤ ਵਾਲੀਆਂ ਚੂੜੀਆਂ ਦਿਸਦੀਆਂ ਹਨ ਅਤੇ ਨਾ ਹੀ ਰਾਤ ਵਾਲੀਆਂ ਕੱਚ ਦੀਆਂ ਵੰਗਾਂ ਹਨ।

**੧. ਨੋਟ—ਮਨੀਆਰੁ** : ਪਹਿਲੇ ਮਨੀਆਰੁ ਜੌਹਰੀ ਦਾ ਨਾਮ ਹੁੰਦਾ ਸੀ, ਸਹਿਜੇ-ਸਹਿਜੇ ਕੱਚ ਦੇ ਮਣਕੇ, ਚੂੜੀ ਆਦਿ ਵੇਚਣ ਵਾਲੇ ਤੇ ਚੂੜੀ ਹੋ ਗਿਆ। ਹੁਣ ਮਨੀਆਰ ਅਨੇਕ ਤਰ੍ਹਾਂ ਦੇ ਸ਼ਿੰਗਾਰ ਤੇ ਸਜਾਵਟੀ ਸਮਾਨ ਵੇਚਣ ਵਾਲੇ ਨੂੰ ਕਹਿੰਦੇ ਹਨ। ੨. **ਨੋਟ** : ਇਸ ਪੰਗਤੀ ਵਿਚ ਵੰਗ ਤੇ ਚੂੜੀ ਦੋ ਸ਼ਬਦ ਆਏ ਹਨ ਚੂੜੀ : ਜੋ ਅਨੇਕਾਂ ਧਾਤਾਂ ਜੈਸੇ ਸੋਨਾ ਪਿੱਤਲ ਆਦਿ ਵਿਚੋਂ ਕਿਸੇ ਦੀ ਵੀ ਹੁੰਦੀ ਹੈ। ਵੰਗ=ਕੱਚ ਦੀ ਵਾ ਵੰਗੜੀ=ਇਸਤ੍ਰੀਆਂ ਦੇ ਹੱਥ ਦਾ ਪਤਲਾ ਕੰਗਣਾ ਵੰਗ ਦਾ ਅਰਥ ਚੂੜੀ ਅਤੇ ਚੂੜੀ ਦਾ ਅਰਥ ਵੰਗ ਵੀ ਲੱਗਦਾ ਹੈ ਪਰ ਜਿਥੇ ਦੋਵੇਂ ਪਦ ਇਕੱਠੇ ਆ ਜਾਣ ਤਾਂ ਅਰਥ ਇਸੇ ਤਰ੍ਹਾਂ ਕਰਨਾ।

### ੧੨. ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥

ਜੋ ਆਪਣੇ ਪਤੀ ਦੇ ਕੰਠਿ=ਗਲ ਨਹੀਂ ਲਗਦੀਆਂ ਸਿ=ਉਹ ਬਾਹੜੀਆਹਾ=ਬਾਹਾਂ ਜਲਨੁ=ਸਾੜ ਜਾਣ।

### ੧੩. ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥

ਸਾਰੀਆਂ ਸਖੀਆਂ ਆਪੋ ਆਪਣੇ ਪਤੀਆਂ ਨਾਲ ਰਾਵਣਿ=ਅਨੰਦ ਭੋਗਣ ਲਈ ਘਰਾਂ ਵਿਚ ਗਈਆਂ ਹੋਈਆਂ ਹਨ ਹਉ=ਮੈ ਵਿਛੋੜੇ ਦੀ ਅੱਗ ਨਾਲ ਦਾਧੀ=ਸੜੀ ਹੋਈ ਕਿਸ ਦੇ ਦਰਿ=ਬੂਹੇ ਅੱਗੇ ਜਾਵਾਂ।

### ੧੪. ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥

ਹੇ ਅੰਮਾਲੀ=ਅੰਮਾ=ਮਾਂ ਸਮਾਨ ਪਿਆਰ ਕਰਨ ਵਾਲੀ ਤੇ ਸਤਿਕਾਰ ਯੋਗ ਵੱਡੀ ਸਖੀ ਚਿੱਤਰ ਰੇਖਾ ਮੈਂ ਆਪਣੇ ਵਲੋਂ ਖਰੀ=ਖਰੇ ਭਾਵ ਚੰਗੇ ਸੁਚੱਜੀ=ਸੁਚੱਜਪਣੇ ਕੀਤੇ ਪਰ ਉਸ ਪਤੀ ਨੂੰ ਮੇਰੇ ਚੰਗੇ ਸੁਚੱਜਾਂ ਵਿਚੋਂ ਇਕ ਵੀ ਸੁਚੱਜ ਭਾਵਾ=ਚੰਗਾ ਨਹੀਂ ਲੱਗਾ ਚਿੱਤਰ ਰੇਖਾ ਨੇ ਕਿਹਾ ਕਿ ਤੈਂ ਕਿਹੜੇ-ਕਿਹੜੇ ਸੁਚੱਜਪਣੇ ਕੀਤੇ ਹਨ। ਤਾਂ ਊਖਾਂ ਜਵਾਬ ਦੇ ਰਹੀ ਹੈ।

### ੧੫. ਮਾਠਿ ਗੁੰਦਾਂਈ ਪਟੀਆ ਭਰੀਐ ਮਾਗ ਸੰਧੂਰੇ ॥

ਮਾਠਿ=ਬਣਾਏ ਭਾਵ ਕੰਘੀ ਨਾਲ ਸਵਾਰ ਕੇ ਇਕੋ ਜਿਹੇ ਵਾਲ ਕਰਕੇ ਪਟੀਆਂ ਗੁੰਦਣਾਂ ਕੀਤੀਆਂ ਤੇ ਮਾਗ=ਜਦ ਚੀਰਨੀ ਪਾ ਕੇ ਕੇਸ ਦੋਹੀਂ ਪਾਸੀਂ ਕੀਤੇ ਜਾਣ ਤਾਂ ਰੇਖਾ ਦੀ ਤਰ੍ਹਾਂ ਜੋ ਚਮੜੀ ਦਿਖਾਈ ਦੇਣ ਲੱਗਦੀ ਹੈ ਉਸਨੂੰ ਮਾਂਗ ਕਹਿੰਦੇ ਹਨ। ਸੋਭਾ ਵਾਸਤੇ, ਹਾਰ ਸ਼ਿੰਗਾਰ ਕਰਨ ਵਾਲੀਆਂ ਔਰਤਾਂ ਉਸ ਰੇਖਾ ਵਿਚ ਸੰਧੂਰ ਭਰ ਦਿੰਦੀਆਂ ਹਨ। ਜਿਸ ਨੂੰ ਮਾਂਗ ਦਾ ਸੰਧੂਰ ਕਿਹਾ ਜਾਂਦਾ ਹੈ। ਇਹ ਗੁਰਬਾਣੀ ਵਿਚ ਆਏ ਪਦ ਦੀ ਵਿਆਖਿਆ ਲਈ ਬਾਹਝ ਅਰਥ ਵਿਚ ਦ੍ਰਿਸ਼ਟਾਂਤ ਵਜੋਂ ਹੈ, ਪਰ ਗੁਰਮਤਿ ਵਿਚ ਇਹ ਨਿੰਦਤ ਕਰਮ ਹੈ। ਚਲਦੇ ਦ੍ਰਿਸ਼ਟਾਂਤ ਵਿਚ ਊਖਾਂ ਕਹਿਣ ਲੱਗੀ ਕਿ ਮੈਂ ਪਤੀ ਨੂੰ ਖੁਸ਼ ਕਰਨ ਵਾਸਤੇ ਮਾਂਗ ਵਿਚ ਸੰਧੂਰ ਭਰਨਾ ਕੀਤਾ।

### ੧੬. ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥

ਜਦੋਂ ਆਪਣੇ ਪਤੀ ਦੇ ਅਗੈ=ਸਾਹਮਣੇ ਗਈ ਤਾਂ ਮੰਨੀਆ=ਮਨਜ਼ੂਰ ਨਾ ਹੋਈ ਕਿਉਂਕਿ ਜੇ ਸਵੀਕਾਰ ਹੋਈ ਹੁੰਦੀ ਤਾਂ ਛੱਡ ਕੇ ਨਾ ਜਾਂਦਾ ਇਸ ਤੇ ਮੈਂ ਝੁਰ-ਝੁਰ ਕੇ ਮਰ ਰਹੀ ਹਾਂ ਤੇ ਹੁਣ ਕੀ ਹਾਲਤ ਹੋਈ ਹੈ :

PDF created with pdfFactory Pro trial version www.pdffactory.com

## ੧੭. ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥

ਜਦੋਂ ਮੇਰਾ ਪਤੀ ਚਲਾ ਗਿਆ ਤਾਂ ਮੈਂ ਇਤਨਾ ਰੋਈ ਕਿ ਮੇਰੇ ਭਾਣੇ ਮੈਨੂੰ ਵੇਖ ਕੇ ਸਾਰਾ ਜਗਤ ਹੀ ਰੁਨਾ=ਰੋਂਦਾ ਹੈ ਹੋਰ ਤਾਂ ਕੀ ਕਹਿਣਾ ਹੇ ਵਣਹੁ=ਵਣ ਦੇ ਸਾਰੇ ਪੰਖੇਰੂ=ਪੰਛੀ ਵੀ ਰੁੰਨੜੇ=ਰੁਦਨ ਕਰਦੇ ਨਜ਼ਰ ਆਏ।

## ੧੮. ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

ਪਰ ਮੇਰੇ ਤਨ ਦਾ ਬਿਰਹਾ=ਵਿਛੋੜਾ ਇਕ ਉਹ ਨਹੀਂ ਰੁਨਾ=ਰੋਇਆ ਜਿਸ ਨੇ ਮੈਨੂੰ ਪਤੀ ਤੋਂ ਵਿਛੋੜ ਦਿੱਤਾ ਹੈ।

## ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥

**ਨੋਟ**—ਇਸ ਤੁਕ ਦਾ ਅਰਥ ਅਨਵੇਂ ਰੀਤ ਅਨੁਸਾਰ ਸ਼ਬਦ ਦੇ ਮੁੱਢ ਵਿਚ ਹੋ ਚੁੱਕਾ ਹੈ।

## ੧੯. ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥

ਮੈਨੂੰ ਥਾਂ ਟਿਕਾਣੇ ਦਾ ਪਤਾ ਨਾ ਹੋਣ ਕਰਕੇ ਹੇ ਪਿਆਰੇ ਪਤੀ ਮੈਂ ਤੁਝ ਕਨਿ=ਤੇਰੇ ਵਲ ਆ ਨਹੀਂ ਸਕਦੀ ਅਤੇ ਨਾ ਹੀ ਕਿਸੇ ਹੋਰ ਨੂੰ ਤੇਰੇ ਵੱਲ ਭੇਜ ਸਕਦੀ ਹਾਂ।

## ੨੦. ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥

ਹੇ ਸ੍ਰੇਸ਼ਟ ਭਾਗਾਂ ਵਾਲੀ ਨੀਦੜੀਏ=ਨੀਂਦ! ਤੂੰ ਆ ਕੇ ਪ੍ਰਾਪਤ ਹੋ ਤੇਰੇ ਆਉਣ ਨਾਲ ਮਤੁ=ਮਤਾਂ-ਸ਼ਾਇਦ ਮੈਂ ਆਪਣੇ ਪਤੀ ਨੂੰ ਵੇਖ ਲਵਾਂ ਤਾਂ ਸਖੀ ਚਿੱਤਰ ਰੇਖਾ ਬੋਲੀ :

## ੨੧. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥

ਕਿ ਤੇਰੇ ਸਾਹਿਬ=ਮਾਲਕ-ਪਤੀ ਦੀ ਕੋਈ ਗੱਲ ਬਾਤ ਆਖੈ=ਸੁਣਾਵੇ ਤਾਂ ਤੂੰ ਉਸਨੂੰ ਕੀ ਦੇਵੇਂਗੀ ਤਾਂ ਊਖਾਂ ਨੇ ਉੱਤਰ ਦਿੱਤਾ ਕਿ :

## ੨੨. ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

ਮੈਂ ਆਪਣਾ ਸਿਰ ਵੱਢ ਕੇ ਮੂੜ੍ਹੇ ਦੇ ਥਾਂ ਤੇ ਉਸ ਦੇ ਬੈਠਣ ਲਈ ਵੇਦਾਂਗੀ ਅਤੇ ਸਿਰ ਤੋਂ ਬਿਨਾ ਹੀ ਮੈਂ ਉਸ ਦੀ ਸੇਵਾ ਕਰਾਂਗੀ।

## ੨੩. ਕਿਉ ਨ ਮਰੀਜੈ ਜੀਅੜਾ ਨ ਦੀਜੈ
## ਜਾ ਸਹੁ ਭਇਆ ਵਿਡਾਣਾ ॥੧॥੩॥

ਉਸ ਅੱਗੇ ਕਿਉਂ ਨਾ ਮਰ ਜਾਈਏ, ਆਪਣੇ ਜੀਅ ਨੂੰ ਕਿਉਂ ਨਾ ਸਮਰਪਿਤ ਕਰ ਦਈਏ ਜਾ=ਜਿਸ ਕਰਕੇ ਸਹੁ=ਪਤੀ ਵਿਡਾਣਾ=ਬਿਗਾਨਾ ਭਾਵ ਪਰਾਇਆ ਹੋਇਆ ਪਤੀ ਆਪਣਾ ਹੋ ਜਾਵੇ। ਊਖਾਂ ਤੋਂ ਇਹ ਹਵਾਲਾ ਸੁਣ ਕੇ ਚਿੱਤਰ ਰੇਖਾ ਨੇ ਸਰੁਸਤੀ ਨੂੰ ਮਨਾ ਕੇ ਲਿਖਣ ਦਾ ਸਾਰਾ ਸਮਾਨ ਮੰਗਾ ਕੇ, ਆਪਣੇ ਗੁਰਾਂ ਦਾ ਧਿਆਨ ਧਰਕੇ ਸਭ ਸ਼ਹਿਰਾਂ ਦੇ ਨਕਸ਼ੇ ਵਾਹ ਕੇ ਵਿਖਾਉਣੇ ਸ਼ੁਰੂ ਕਰ ਦਿੱਤੇ, ਹੋਰ ਕਿਸੇ ਨਕਸ਼ੇ ਭਾਵ ਚਿੱਤਰ ਤੇ ਉਹ ਖੁਸ਼ ਨਹੀਂ ਹੋਈ, ਪਰ ਜਦੋਂ ਦੁਆਰਕਾ ਦਾ ਨਕਸ਼ਾ ਸਾਹਮਣੇ ਆਇਆ ਜਿਸ ਵੇਲੇ ਕ੍ਰਿਸ਼ਨ ਬਲਭੱਦ੍ਰ ਆਦਿਕਾਂ ਦੇ ਚਿੱਤ੍ਰ ਵੇਖੇ ਤਾਂ ਮੂੰਹ ਤੇ ਕੁਝ ਪ੍ਰਸੰਨਤਾ ਦੇ ਚਿੰਨ੍ਹ ਪ੍ਰਗਟ ਹੋਣ ਲੱਗੇ ਜਦੋਂ ਅਨੁਰੁਧ ਦਾ ਚਿੱਤਰ ਵੇਖਿਆ ਤਾਂ ਸ਼ਰਮਾ ਕੇ ਬੋਲੀ :

PDF created with pdfFactory Pro trial version www.pdffactory.com